@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 16 February 2026

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 16 ਫਰਵਰੀ 2026, 4 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 103, qpatrika@gmail.com ਫੋਨ : 9971359517 www.qaumipatrika.org

ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨੇ ਭਾਰਤ ਦੇ ਸਪੇਸ ਮਿਸ਼ਨ ਗਗਨਯਾਨ ਦੀ ਕੀਤੀ ਤਾਰੀਫ਼

ਨੈਸ਼ਨਲ ਡੈਸਕ 15 ਫਰਵਰੀ। ਭਾਰਤੀ ਪੁਲਾੜ ਯਾਤਰੀ ਅਤੇ ਅਸ਼ੋਕ ਚੱਕਰ ਜੇਤੂ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨੇ ਕਿਹਾ ਹੈ ਕਿ ਭਾਰਤ ਨੂੰ ਆਪਣੇ ਮਨੁੱਖੀ ਸਪੇਸ ਪ੍ਰੋਗਰਾਮ 'ਗਗਨਯਾਨ' ਨੂੰ ਪੂਰੇ ਉਤਸ਼ਾਹ ਨਾਲ ਜਾਰੀ ਰੱਖਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ, ਇਸ ਮਿਸ਼ਨ ਦੀ ਸਫਲਤਾ ਭਾਰਤ ਨੂੰ ਪੁਲਾੜ ਦੀ ਦੁਨੀਆ ਵਿੱਚ ਚੋਣਵੇਂ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕਰ ਦੇਵੇਗੀ।

ਗਗਨਯਾਨ ਭਾਰਤ ਦਾ ਪਹਿਲਾ ਮਨੁੱਖੀ ਪੁਲਾੜ ਪ੍ਰੋਗਰਾਮ ਹੈ, ਜਿਸ ਦਾ ਟੀਚਾ ਤਿੰਨ ਮੈਂਬਰੀ ਚਾਲਕ ਦਲ ਨੂੰ ਤਿੰਨ ਦਿਨਾਂ ਦੇ ਮਿਸ਼ਨ 'ਤੇ ਪੁਲਾੜ ਵਿੱਚ ਭੇਜਣਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਵਾਪਸ ਲਿਆਉਣਾ ਹੈ। ਇਸਰੋ ਅਨੁਸਾਰ, ਭਾਰਤ 2027 ਵਿੱਚ ਗਗਨਯਾਨ ਨੂੰ ਲਾਂਚ ਕਰਨ ਦਾ ਟੀਚਾ ਰੱਖ ਰਿਹਾ ਹੈ। ਸ਼ੁਕਲਾ ਨੇ ਦੱਸਿਆ ਕਿ ਹੁਣ ਤੱਕ ਦੁਨੀਆ ਦੇ ਸਿਰਫ਼ ਤਿੰਨ ਹੋਰ ਦੇਸ਼- ਅਮਰੀਕਾ, ਰੂਸ ਤੇ ਚੀਨ ਹੀ ਅਜਿਹਾ ਕਰ ਸਕੇ ਹਨ ਅਤੇ ਭਾਰਤ ਸਫਲ ਹੋਣ ਵਾਲਾ ਚੌਥਾ ਦੇਸ਼ ਹੋਵੇਗਾ। ਮਿਸ਼ਨ ਵਿੱਚ ਹੋ ਰਹੀ ਦੇਰੀ ਬਾਰੇ ਗਰੁੱਪ ਕੈਪਟਨ ਪ੍ਰਸ਼ਾਂਤ ਨਾਇਰ ਨੇ ਲੋਕਾਂ ਨੂੰ ਸਬਰ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਸਭ ਕੁਝ ਯੋਜਨਾ ਅਨੁਸਾਰ ਹੋ ਰਿਹਾ ਹੈ। ਉਨ੍ਹਾਂ ਇਸ ਨੂੰ ਭਾਰਤ ਲਈ ਇੱਕ 'ਇਨਫਲੈਕਸ਼ਨ ਪੁਆਇੰਟ' ਦੱਸਿਆ। ਨਾਇਰ ਨੇ ਕਿਹਾ ਕਿ 'ਸਬਕਾ ਸਾਥ, ਸਬਕਾ ਵਿਕਾਸ' ਦੇ ਸਿਧਾਂਤ ਤਹਿਤ ਭਾਰਤ ਦੀ ਇਹ ਸਫਲਤਾ ਉਨ੍ਹਾਂ ਦੇਸ਼ਾਂ ਲਈ ਵੀ ਮਦਦਗਾਰ ਹੋਵੇਗੀ ਜੋ ਆਪਣੇ ਪੁਲਾੜ ਯਾਤਰੀ ਨਹੀਂ ਭੇਜ ਸਕਦੇ। ਸ਼ੁਕਲਾ ਨੇ ਪੁਲਾੜ ਖੋਜ ਵਿੱਚ ਅੰਤਰਰਾਸ਼ਟਰੀ ਭਾਈਵਾਲੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਆਪਣੇ 'ਐਕਸੀਅਮ ਮਿਸ਼ਨ' ਨੂੰ ਇਸ ਦੀ ਇੱਕ ਵਧੀਆ ਮਿਸਾਲ ਦੱਸਿਆ।

ਟੀ-20 : ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਨਾਲ ਚਟਾਈ ਧੂੜ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਸਪੋਰਟਸ ਡੈਸਕ 15 ਫਰਵਰੀ। ਆਈਸੀਸੀ ਟੀ-20 ਵਰਲਡ ਕੱਪ 2026 ਦੇ 27ਵੇਂ ਮੈਚ ਵਿੱਚ ਭਾਰਤ ਨੇ ਇੱਕ ਵਾਰ ਫਿਰ ਪਾਕਿਸਤਾਨ ਨੂੰ ਇੱਕਤਰਫਾ ਮੁਕਾਬਲੇ ਵਿੱਚ 61 ਦੌੜਾਂ ਨਾਲ ਕਰਾਰੀ ਮਾਤ ਦਿੱਤੀ ਹੈ। ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿੱਚ ਖੇਡੇ ਗਏ ਇਸ ਹਾਈ-ਵੋਲਟੇਜ ਮੁਕਾਬਲੇ ਵਿੱਚ ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਪਾਕਿਸਤਾਨ ਨੂੰ 176 ਦੌੜਾਂ ਦਾ ਟੀਚਾ ਦਿੱਤਾ ਸੀ, ਜਿਸ ਦੇ ਜਵਾਬ ਵਿੱਚ ਪਾਕਿਸਤਾਨ ਦੀ ਪੂਰੀ ਟੀਮ ਮਹਿਜ਼ 114 ਦੌੜਾਂ 'ਤੇ ਹੀ ਢੇਰ ਹੋ ਗਈ। ਇਸ ਸ਼ਾਨਦਾਰ ਜਿੱਤ ਦੇ ਨਾਲ ਹੀ ਟੀਮ ਇੰਡੀਆ ਨੇ ਸੁਪਰ-8 ਲਈ ਵੀ ਕੁਆਲੀਫਾਈ ਕਰ ਲਿਆ ਹੈ। ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਭਾਰਤੀ ਟੀਮ ਦੀ ਸ਼ੁਰੂਆਤ ਭਾਵੇਂ ਖ਼ਰਾਬ ਰਹੀ ਅਤੇ ਅਭਿਸ਼ੇਕ ਸ਼ਰਮਾ ਜ਼ੀਰੋ 'ਤੇ ਆਊਟ ਹੋ ਗਏ, ਪਰ ਈਸ਼ਾਨ ਕਿਸ਼ਨ ਨੇ ਮੈਦਾਨ ਦੇ ਚਾਰੇ ਪਾਸੇ ਛੱਕੇ-ਚੌਕਿਆਂ ਦੀ ਬਾਰਿਸ਼ ਕਰ ਦਿੱਤੀ। ਕਿਸ਼ਨ ਨੇ ਮਹਿਜ਼ 27 ਗੇਂਦਾਂ ਵਿੱਚ ਆਪਣਾ ਅਰਧ-ਸੈਂਕੜਾ ਪੂਰਾ ਕੀਤਾ ਅਤੇ ਕੁੱਲ 40 ਗੇਂਦਾਂ ਵਿੱਚ 77 ਦੌੜਾਂ (10 ਚੌਕੇ, 3 ਛੱਕੇ) ਬਣਾ ਕੇ ਭਾਰਤ ਨੂੰ ਮਜ਼ਬੂਤ ਸਥਿਤੀ ਵਿੱਚ ਪਹੁੰਚਾਇਆ। ਇਸ ਤੋਂ ਬਾਅਦ ਕਪਤਾਨ ਸੂਰਿਆਕੁਮਾਰ ਯਾਦਵ (32), ਤਿਲਕ ਵਰਮਾ (25) ਅਤੇ ਸ਼ਿਵਮ ਦੁਬੇ (27) ਨੇ ਅਹਿਮ ਯੋਗਦਾਨ ਪਾਇਆ। ਅਖੀਰ ਵਿੱਚ ਰਿੰਕੂ ਸਿੰਘ ਨੇ 4 ਗੇਂਦਾਂ ਵਿੱਚ 11 ਦੌੜਾਂ ਜੜ ਕੇ ਭਾਰਤ ਦਾ ਸਕੋਰ 7 ਵਿਕਟਾਂ 'ਤੇ 175 ਤੱਕ ਪਹੁੰਚਾਇਆ।

176 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ ਦੀ ਸ਼ੁਰੂਆਤ ਬੇਹੱਦ ਨਿਰਾਸ਼ਾਜਨਕ ਰਹੀ। ਹਾਰਦਿਕ ਪੰਡਯਾ ਨੇ ਪਹਿਲੇ ਹੀ ਓਵਰ ਵਿੱਚ ਸਾਹਿਬਜ਼ਾਦਾ ਫਰਹਾਨ ਨੂੰ ਜ਼ੀਰੋ 'ਤੇ ਆਊਟ ਕਰਕੇ ਮੈਡਨ ਓਵਰ ਸੁੱਟਿਆ। ਇਸ ਤੋਂ ਬਾਅਦ ਜਸਪ੍ਰੀਤ ਬੁਮਰਾਹ ਨੇ ਦੂਜੇ ਓਵਰ ਵਿੱਚ ਸੈਮ ਅਯੂਬ (6) ਅਤੇ ਪਾਕਿਸਤਾਨੀ ਕਪਤਾਨ ਸਲਮਾਨ ਆਗਾ ਨੂੰ ਚਲਦਾ ਕਰਕੇ ਪਾਕਿਸਤਾਨ ਦਾ ਲੱਕ ਤੋੜ ਦਿੱਤਾ। ਅਕਸ਼ਰ ਪਟੇਲ ਨੇ ਬਾਬਰ ਆਜ਼ਮ (5) ਅਤੇ ਸੈੱਟ ਬੱਲੇਬਾਜ਼ ਉਸਮਾਨ ਖਾਨ (44) ਦੀਆਂ ਅਹਿਮ ਵਿਕਟਾਂ ਲਈਆਂ। ਕੁਲਦੀਪ ਯਾਦਵ, ਵਰੁਣ ਚੱਕਰਵਰਤੀ ਅਤੇ ਤਿਲਕ ਵਰਮਾ ਨੇ ਵੀ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਪਾਕਿਸਤਾਨੀ ਪਾਰੀ ਨੂੰ 114 ਦੌੜਾਂ 'ਤੇ ਹੀ ਸਮੇਟ ਦਿੱਤਾ।

ਸੂਰਜਕੁੰਡ ਮੇਲੇ ਦੌਰਾਨ ਵਾਪਰੇ ਹਾਦਸੇ ਦੇ ਜਖਮੀਆਂ ਨੂੰ ਮਿਲੇ ਸੈਣੀ, ਕੀਤੀ ਗੱਲਬਾਤ

ਫਰੀਦਾਬਾਦ 15 ਫਰਵਰੀ। ਹਰਿਆਣਾ ਦੇ ਫਰੀਦਾਬਾਦ ਵਿੱਚ ਸੂਰਜਕੁੰਡ ਮੇਲੇ ਦੌਰਾਨ ਇੱਕ ਵਿਸਾਲ ਝੂਲਾ ਡਿੱਗਣ ਤੋਂ ਕੁਝ ਦਿਨ ਬਾਅਦ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਮੇਲੇ ਦੇ ਕੰਪਲੈਕਸ ਦਾ ਦੌਰਾ ਕੀਤਾ ਅਤੇ ਇੱਕ ਹਸਪਤਾਲ ਵਿੱਚ ਤਿੰਨ ਜਖਮੀਆਂ ਨਾਲ ਮੁਲਾਕਾਤ ਕੀਤੀ। ਇਸ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ। ਇਸ ਹਾਦਸੇ ਵਿੱਚ ਡਿਊਟੀ 'ਤੇ ਤਾਇਨਾਤ ਇੱਕ ਇੰਸਪੈਕਟਰ ਦੀ ਮੌਤ ਹੋ ਗਈ ਅਤੇ 12 ਹੋਰ ਜਖਮੀ ਹੋ ਗਏ। ਸੈਣੀ ਨੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਝੂਲਿਆਂ ਅਤੇ ਮਨੋਰੰਜਨ ਸਥਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ 'ਸਵਿੰਗ ਸੇਫਟੀ ਨੀਤੀ' ਤਿਆਰ ਕੀਤੀ ਜਾਵੇਗੀ। ਇਹ ਘਟਨਾ ਪਿਛਲੇ ਸਨੀਵਾਰ ਨੂੰ 39ਵੇਂ ਸੂਰਜਕੁੰਡ ਅੰਤਰਰਾਸਟਰੀ ਸ?ਿਲਪ ਮੇਲੇ ਵਿੱਚ ਵਾਪਰੀ ਜਦੋਂ ਲਗਭਗ 19 ਲੋਕ ਇੱਕ ਝੂਲੇ 'ਤੇ ਸਵਾਰ ਸਨ, ਜਦੋਂ ਇਹ ਅਚਾਨਕ ਝੁਕ ਗਿਆ ਅਤੇ ਜਮੀਨ 'ਤੇ ਡਿੱਗ ਗਿਆ। ਲੋਕਾਂ ਨੂੰ ਬਚਾਉਣ ਦੀ ਕੋਸ?ਿਸ ਕਰਦਿਆਂ ਆਪਣੀ ਜਾਨ ਗਵਾਉਣ ਵਾਲੇ ਇੰਸਪੈਕਟਰ ਪ੍ਰਸਾਦ (58) 1989 ਵਿੱਚ ਹਰਿਆਣਾ ਆਰਮਡ ਪੁਲਸ ਵਿੱਚ ਭਰਤੀ ਹੋਏ ਸਨ ਅਤੇ 36 ਸਾਲ ਦੀ ਸੇਵਾ ਪੂਰੀ ਕਰਨ ਤੋਂ ਬਾਅਦ ਉਹ ਮਾਰਚ ਵਿੱਚ ਸੇਵਾਮੁਕਤ ਹੋਣ ਵਾਲੇ ਸਨ। ਪੁਲਸ ਨੇ ਐਤਵਾਰ ਨੂੰ ਇਸ ਘਟਨਾ ਦੇ ਸਬੰਧ ਵਿੱਚ ਝੂਲੇ ਦੇ ਸੰਚਾਲਕ ਅਤੇ ਉਸਦੇ ਇੱਕ ਕਰਮਚਾਰੀ ਨੂੰ ਗ੍ਰਿਫਤਾਰ ਕੀਤਾ ਸੀ।

ਮਹਾ ਸ਼ਿਵਰਾਤਰੀ ਮੌਕੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਸ੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿਖੇ ਮੱਥਾ ਟੇਕਿਆ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਧੂਰੀ, 15 ਫਰਵਰੀ: ਮਹਾਸ਼ਿਵਰਾਤਰੀ ਦੇ ਪਵਿੱਤਰ ਮੌਕੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਤਿਕਾਰਯੋਗ ਸ੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਮੱਥਾ ਟੇਕਿਆ ਅਤੇ ਇਤਿਹਾਸਕ ਸਿੱਧ ਪੀਠ ਵਿੱਚ ਪੂਜਾ ਕੀਤੀ ਅਤੇ ਪੰਜਾਬ ਤੇ ਦੇਸ਼ ਦੀ ਸ਼ਾਂਤੀ, ਖੁਸ਼ਹਾਲੀ ਅਤੇ ਨਿਰੰਤਰ ਤਰੱਕੀ ਲਈ ਅਸ਼ੀਰਵਾਦ ਮੰਗਿਆ। ਤਿਉਹਾਰ 'ਤੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ 'ਆਪ' ਮੁਖੀ ਨੇ ਮਹਾਸ਼ਿਵਰਾਤਰੀ ਨੂੰ ਭਾਰਤ ਦੀ ਪ੍ਰਾਚੀਨ ਅਧਿਆਤਮਿਕ ਪਰੰਪਰਾ ਵਾਲਾ ਤਿਉਹਾਰ ਦੱਸਿਆ ਅਤੇ ਪ੍ਰਾਰਥਨਾ ਕੀਤੀ ਕਿ ਭਗਵਾਨ ਭੋਲੇ ਨਾਥ ਦੀ ਕਿਰਪਾ ਹਮੇਸ਼ਾ ਹਰੇਕ ਨਾਗਰਿਕ 'ਤੇ ਬਣੀ ਰਹੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਸੂਬੇ ਦੀ ਅਮੀਰ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਉਣ ਤੋਂ ਲੈ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਤੱਕ ਪੰਜਾਬ ਆਪਣੀ ਸ਼ਾਨਦਾਰ ਵਿਰਾਸਤ ਨੂੰ ਮਾਣ ਅਤੇ ਸ਼ਰਧਾ ਨਾਲ ਸਤਿਕਾਰ ਦਿੰਦਾ ਰਹਿੰਦਾ ਹੈ। ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ: ਮਹਾਸ਼ਿਵਰਾਤਰੀ ਦੇ ਪਵਿੱਤਰ ਮੌਕੇ ਮੈਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਧੂਰੀ ਦੇ ਸ੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਪ੍ਰਾਰਥਨਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮਹਾਦੇਵ ਦੀ ਬ੍ਰਹਮ ਊਰਜਾ ਮਨ ਨੂੰ ਸ਼ਾਂਤੀ ਅਤੇ ਆਤਮਾ ਨੂੰ ਨਵੀਂ ਤਾਕਤ ਦਿੰਦੀ ਹੈ। ਭਗਵਾਨ ਭੋਲੇ ਨਾਥ ਦਾ ਆਸ਼ੀਰਵਾਦ ਹਮੇਸ਼ਾ ਤੁਹਾਡੇ ਸਾਰਿਆਂ 'ਤੇ ਬਣਿਆ ਰਹੇ ਅਤੇ ਦੇਸ਼ ਤੇ ਪੰਜਾਬ ਤਰੱਕੀ ਤੇ ਖੁਸ਼ਹਾਲੀ ਵੱਲ ਵਧਦੇ ਰਹਿਣ। ਇਸ ਦੌਰਾਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਕਸ 'ਤੇ ਕਿਹਾ: ਅੱਜ ਮਹਾਸ਼ਿਵਰਾਤਰੀ ਦੇ ਮੌਕੇ 'ਤੇ ਮੈਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਦੇ ਨਾਲ ਧੂਰੀ ਹਲਕੇ ਦੇ ਪਿੰਡ ਰਣੀਕੇ ਸਥਿਤ ਸ਼੍ਰੀ ਰਣਕੇਸ਼ਵਰ ਮੰਦਿਰ ਵਿੱਚ ਭਗਵਾਨ ਸ਼ਿਵ ਦਾ ਆਸ਼ੀਰਵਾਦ ਲਿਆ ਅਤੇ ਮੱਥਾ ਟੇਕਿਆ। ਮੈਂ ਦੇਸ਼ ਦੀ ਖੁਸ਼ਹਾਲੀ, ਸ਼ਾਂਤੀ ਅਤੇ ਸਦਭਾਵਨਾ ਅਤੇ ਸਾਰਿਆਂ ਵਿੱਚ ਸਥਾਈ ਭਾਈਚਾਰੇ ਲਈ ਪ੍ਰਾਰਥਨਾ ਕੀਤੀ। ਭਗਵਾਨ ਸ਼ਿਵ ਦਾ ਆਸ਼ੀਰਵਾਦ ਹਮੇਸ਼ਾ ਸਾਰਿਆਂ 'ਤੇ ਬਣਿਆ ਰਹੇ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅਸੀਂ ਸ਼੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿੱਚ ਮੱਥਾ ਟੇਕਿਆ ਅਤੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖ਼ੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਕਿਹਾ, ਮਹਾਸ਼ਿਵਰਾਤਰੀ ਦੇ ਸ਼ੁਭ ਮੌਕੇ ਅਸੀਂ ਸਿੱਧ ਪੀਠ ਵਿੱਚ ਪੂਜਾ ਕੀਤੀ ਅਤੇ ਲੋਕਾਈ ਦੀ ਭਲਾਈ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਕਿਹਾ, ਮਹਾਸ਼ਿਵਰਾਤਰੀ ਲੋਕਾਂ ਨੂੰ ਸੱਚ ਦੀ ਭਾਲ ਵੱਲ ਯਤਨ ਕਰਨ ਲਈ ਪ੍ਰੇਰਿਤ ਕਰਦੀ ਹੈ, ਜੋ ਭਗਵਾਨ ਸ਼ਿਵ ਦੁਆਰਾ ਦਰਸਾਈ ਗਈ ਅੰਤਮ ਚੇਤਨਾ ਵੱਲ ਲੈ ਜਾਂਦੀ ਹੈ।

Contd.....page-3

ਸੰਸਦ 'ਚ ਮੀਡੀਆ ਬਾਰੇ ਰਾਹੁਲ ਗਾਂਧੀ ਦੇ ਬਿਆਨ ਤੋਂ ਪੱਤਰਕਾਰ ਸੰਗਠਨ ਨਾਰਾਜ

ਨਵੀਂ ਦਿੱਲੀ, 15 ਫਰਵਰੀ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੱਲੋਂ ਸੰਸਦ ਸੈਸਨ ਦੌਰਾਨ ਮੀਡੀਆ ਕਰਮਚਾਰੀਆਂ ਬਾਰੇ ਕੀਤੀ ਗਈ ਟਿੱਪਣੀ ਦੀ 'ਨੈਸਨਲ ਯੂਨੀਅਨ ਆਫ ਜਰਨਲਿਸਟਸ-ਇੰਡੀਆ' (ਐੱਨ. ਯੂ. ਜੇ. ਆਈ.) ਅਤੇ 'ਦਿੱਲੀ ਜਰਨਲਿਸਟਸ ਐਸੋਸੀਏਸਨ' ਨੇ ਸਖਤ ਸਬਦਾਂ ਵਿਚ ਨਿੰਦਾ ਕੀਤੀ ਹੈ। ਸੰਸਦ ਸੈਸਨ ਦੌਰਾਨ ਮੀਡੀਆ ਨਾਲ ਮੁਖਾਤਿਬ ਹੁੰਦਿਆਂ ਰਾਹੁਲ ਗਾਂਧੀ ਨੇ ਪੱਤਰਕਾਰਾਂ ਦੀ ਨਿਰਪੱਖਤਾ 'ਤੇ ਸਵਾਲ ਉਠਾਏ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਉਹ 'ਪੂਰੀ ਤਰ੍ਹਾਂ ਭਾਜਪਾ ਦੁਆਰਾ ਨਿਯੋਜਿਤ' ਨਹੀਂ ਹਨ ਅਤੇ ਉਨ੍ਹਾਂ ਨੂੰ 'ਨਿਰਪੱਖ' ਹੋ ਕੇ ਕੰਮ ਕਰਨਾ ਚਾਹੀਦਾ ਹੈ। ਰਾਹੁਲ ਗਾਂਧੀ ਨੇ ਇਹ ਵੀ ਕਿਹਾ ਕਿ ਪੱਤਰਕਾਰਾਂ ਨੂੰ ਆਪਣੀ ਜ?ਿਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਉਹ ਦੇਸ ਨਾਲ ਬੇਇਨਸਾਫੀ ਕਰ ਰਹੇ ਹਨ।

ਪ੍ਰਦੂਸ਼ਣ 'ਚ ਪਰਾਲੀ ਦਾ ਯੋਗਦਾਨ ਮਹਿਜ 5 ਫੀਸਦੀ ਹੈ, ਤਾਂ ਕਿਸਾਨਾਂ 'ਤੇ ਦੋਸ ਕਿਉਂ? ਕਾਂਗਰਸ ਦਾ ਕੇਂਦਰ 'ਤੇ ਤਿੱਖਾ ਹਮਲਾ

ਨਵੀਂ ਦਿੱਲੀ 15 ਫਰਵਰੀ। ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ ਨੇ ਦਿੱਲੀ ਅਤੇ ਉੱਤਰੀ ਭਾਰਤ ਵਿੱਚ ਵਧਦੇ ਪ੍ਰਦੂਸਣ ਦੇ ਮੁੱਦੇ 'ਤੇ ਕੇਂਦਰ ਸਰਕਾਰ 'ਤੇ ਤਿੱਖਾ ਨਿਸਾਨਾ ਸਾਧਿਆ ਹੈ। ਉਨ੍ਹਾਂ ਨੇ ਸੋਸਲ ਮੀਡੀਆ ਰਾਹੀਂ ਰਾਜ ਸਭਾ ਵਿੱਚ ਸਰਕਾਰ ਵੱਲੋਂ ਦਿੱਤੇ ਗਏ ਇੱਕ ਅਹਿਮ ਬਿਆਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਪ੍ਰਦੂਸਣ ਲਈ ਕਿਸਾਨਾਂ ਨੂੰ ਦੋਸੀ ਠਹਿਰਾਉਣ ਦਾ ਸਿਲਸਿਲਾ ਹੁਣ ਬੰਦ ਹੋਣਾ ਚਾਹੀਦਾ ਹੈ। ਜੈਰਾਮ ਰਮੇਸ ਨੇ ਦੱਸਿਆ ਕਿ ਅੱਜ ਰਾਜ ਸਭਾ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਸਪੱਸਟ ਤੌਰ 'ਤੇ ਸਵੀਕਾਰ ਕੀਤਾ ਹੈ ਕਿ ਕੁੱਲ ਪ੍ਰਦੂਸਣ ਵਿੱਚ ਝੋਨੇ ਦੀ ਪਰਾਲੀ ਸਾੜਨ ਦਾ ਹਿੱਸਾ ਸਿਰਫ 5 ਫੀਸਦੀ ਦੇ ਕਰੀਬ ਹੈ। ਇਹ ਅੰਕੜਾ ਉਸ ਪ੍ਰਚਾਰ ਦੇ ਬਿਲਕੁਲ ਉਲਟ ਹੈ, ਜਿਸ ਵਿੱਚ ਪਿਛਲੇ ਕਈ ਸਾਲਾਂ ਤੋਂ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ ਪ੍ਰਦੂਸਣ ਲਈ ਮੁੱਖ ਤੌਰ 'ਤੇ ਕਿਸਾਨਾਂ ਨੂੰ ਜ?ਿਮੇਵਾਰ ਠਹਿਰਾਉਂਦਾ ਆ ਰਿਹਾ ਹੈ। ਜੈਰਾਮ ਰਮੇਸ ਨੇ ਕਿਹਾ ਕਿ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ ਦੇ ਕਿਸਾਨਾਂ ਨੂੰ ਦਿੱਲੀ ਦੇ ਹਵਾਈ ਪ੍ਰਦੂਸਣ ਲਈ ਲਗਾਤਾਰ ਨਿਸਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਸਖਤ ਸਬਦਾਂ ਵਿੱਚ ਕਿਹਾ ਕਿ ਜਦੋਂ ਸਰਕਾਰ ਦੇ ਆਪਣੇ ਅੰਕੜੇ ਦੱਸ ਰਹੇ ਹਨ ਕਿ ਪਰਾਲੀ ਦਾ ਯੋਗਦਾਨ ਬਹੁਤ ਘੱਟ ਹੈ, ਤਾਂ ਪ੍ਰਦੂਸਣ ਦੇ ਨਾਮ 'ਤੇ ਕਿਸਾਨ

ਪੰਜਾਬ 'ਚ ਨਹੀਂ ਰੁਕ ਰਿਹਾ ਜਾਨਲੇਵਾ ਬੀਮਾਰੀ ਦਾ ਕਹਿਰ ! ਇਨ੍ਹਾਂ 10 ਜ਼ਿਲ੍ਹਿਆਂ ਦੇ ਲੋਕ ਸਭ ਤੋਂ ਵੱਧ ਸ਼ਿਕਾਰ

ਕੌਮੀ ਪਤ੍ਰਿਕਾ

ਚੰਡੀਗੜ੍ਹ 15 ਫਰਵਰੀ। ਪੰਜਾਬ 'ਚ ਐੱਚ. ਆਈ. ਵੀ. ਵਾਇਰਸ ਦਾ ਕਹਿਰ ਵੱਧ ਰਿਹਾ ਹੈ। ਪੁਰਸ਼ਾਂ ਤੋਂ ਪੁਰਸ਼ਾਂ ਦੇ ਸਬੰਧ (ਹੋਮੋਸੈਕਸੁਅਲ) ਇਸ ਘਾਤਕ ਬੀਮਾਰੀ ਦਾ ਗ੍ਰਾਫ਼ ਵਧਾ ਰਹੇ ਹਨ। ਦੂਜਾ ਮੁੱਖ ਕਾਰਨ ਸੂਈ ਤੋਂ ਨਸਾ ਕਰਨ ਵਾਲੇ ਲੋਕ ਹਨ। ਅੰਕੜੇ ਕਹਿੰਦੇ ਹਨ ਕਿ ਪੰਜਾਬ 'ਚ ਐੱਚ. ਆਈ. ਵੀ. ਦਾ ਜ਼ਿਆਦਾ ਸ਼ਿਕਾਰ ਬਣਨ ਵਾਲੇ ਟੌਪ 10 ਜ਼ਿਲ੍ਹਿਆਂ 'ਚ ਲੁਧਿਆਣਾ, ਅੰਮ੍ਰਿਤਸਰ, ਬਠਿੰਡਾ, ਜਲੰਧਰ, ਪਟਿਆਲਾ, ਫਿਰੋਜ਼ਪੁਰ, ਫ਼ਰੀਦਕੋਟ, ਤਰਨਤਾਰਨ, ਮੋਗਾ ਅਤੇ ਕਪੂਰਥਲਾ ਦਾ ਨਾਂ ਸਭ ਤੋਂ ਅੱਗੇ ਆਉਂਦਾ ਹੈ। ਸਾਲ 2024-25 ਦੌਰਾਨ ਪੰਜਾਬ 'ਚ ਐੱਚ. ਆਈ. ਵੀ. ਦੀ ਪ੍ਰਸਾਰ ਦਰ 1.19 ਫ਼ੀਸਦੀ ਪਾਈ ਗਈ ਹੈ। ਇਸ ਸਾਲ 11,364 ਐੱਚ. ਆਈ. ਵੀ. ਦੇ ਨਵੇਂ ਮਰੀਜ਼ ਸਾਹਮਣੇ ਆਏ ਹਨ, ਜਦੋਂ ਕਿ ਸਾਲ 2023-24 ਦੌਰਾਨ ਸੂਬੇ 'ਚ ਐੱਚ. ਆਈ. ਵੀ. ਦੀ ਪ੍ਰਸਾਰ ਦਰ 1.74 ਸੀ ਅਤੇ ਉਸ ਦੌਰਾਨ 13,130 ਐੱਚ. ਆਈ. ਵੀ. ਦੇ ਨਵੇਂ ਮਰੀਜ਼ ਸਾਹਮਣੇ ਆਏ ਸਨ। ਹਾਲਾਂਕਿ ਸਾਲ 2022-23 ਦੌਰਾਨ ਪੰਜਾਬ 'ਚ ਐੱਚ. ਆਈ. ਵੀ. ਦੀ ਪ੍ਰਸਾਰ ਦਰ 1.60 ਸੀ ਅਤੇ ਉਸ ਸਾਲ 'ਚ 11,950 ਐੱਚ. ਆਈ. ਵੀ. ਦੇ ਨਵੇਂ ਮਰੀਜ਼ ਸਾਹਮਣੇ ਆਏ ਸਨ। ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੀ ਮੰਨੀਏ ਤਾਂ ਪੰਜਾਬ 'ਚ ਐੱਚ. ਆਈ. ਵੀ. ਨੂੰ ਪਛਾੜਨ ਲਈ ਐੱਚ. ਆਈ. ਵੀ. ਟੈਸਟਿੰਗ ਦੀ ਗਿਣਤੀ 'ਚ ਅਤੇ ਕਪੂਰਥਲਾ ਦਾ ਨਾਂ ਸਭ ਤੋਂ ਅੱਗੇ ਆਉਂਦਾ ਹੈ। ਸਾਲ 2024-25 ਦੌਰਾਨ ਪੰਜਾਬ 'ਚ ਐੱਚ. ਆਈ. ਵੀ. ਦੀ ਪ੍ਰਸਾਰ ਦਰ 1.19 ਫ਼ੀਸਦੀ ਪਾਈ ਗਈ ਹੈ। ਇਸ ਸਾਲ 11,364 ਐੱਚ. ਆਈ. ਵੀ. ਦੇ ਨਵੇਂ ਮਰੀਜ਼ ਸਾਹਮਣੇ ਆਏ



ਹਨ, ਜਦੋਂ ਕਿ ਸਾਲ 2023-24 ਦੌਰਾਨ ਸੂਬੇ 'ਚ ਐੱਚ. ਆਈ. ਵੀ. ਦੀ ਪ੍ਰਸਾਰ ਦਰ 1.74 ਵੀ ਵਾਧਾ ਕਰ ਦਿੱਤਾ ਗਿਆ ਹੈ। ਸਾਲ 2022-23 ਦੌਰਾਨ ਪੰਜਾਬ 'ਚ 7,22,309 ਲੋਕਾਂ ਦੀ ਜਾਂਚ ਕੀਤੀ ਗਈ ਸੀ, ਜਦੋਂ ਕਿ ਸਾਲ 2023-24 ਦੌਰਾਨ ਸੂਬੇ 'ਚ 7,51,281 ਲੋਕਾਂ ਦੀ ਜਾਂਚ ਕੀਤੀ ਗਈ। ਇਸੇ ਤਰ੍ਹਾਂ ਸਾਲ 2024-25 ਦੌਰਾਨ 9,51,521 ਲੋਕਾਂ ਦੀ ਐੱਚ. ਆਈ. ਵੀ. ਜਾਂਚ ਕੀਤੀ ਗਈ। ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਐਡੀਸ਼ਨਲ ਪ੍ਰਾਜੈਕਟ ਡਾਇਰੈਕਟਰ ਡਾ. ਵਿਸ਼ਾਲ ਗਰਗ ਦਾ ਕਹਿਣਾ ਹੈ ਕਿ ਪੰਜਾਬ 'ਚ ਐੱਚ. ਆਈ. ਵੀ. ਮਰੀਜ਼ ਵੱਧਣ ਦਾ ਕਾਰਨ ਹੋਮੋਸੈਕਸੁਅਲ ਰਿਸ਼ਤਿਆਂ ਦੀ ਗਿਣਤੀ 'ਚ ਹੋ ਰਿਹਾ ਵਾਧਾ ਹੈ। ਪਹਿਲਾਂ ਔਰਤਾਂ ਅਤੇ ਪੁਰਸ਼ਾਂ ਵਿਚਕਾਰ ਸਬੰਧਾਂ ਕਾਰਨ ਇਹ ਜਾਨਲੇਵਾ ਬੀਮਾਰੀ ਸਮਾਜ 'ਚ ਫੈਲ ਰਹੀ ਸੀ ਪਰ ਹੁਣ ਜਦੋਂ ਤੋਂ ਹੋਮੋਸੈਕਸੁਅਲ ਰਿਸ਼ਤਿਆਂ ਨੂੰ ਬਰਾਬਰੀ ਦਾ ਦਰਜ ਮਿਲਿਆ ਹੈ, ਉਸ ਸਮੇਂ ਤੋਂ ਪੁਰਸ਼ਾਂ ਦੇ ਪੁਰਸ਼ਾਂ ਨਾਲ ਵਧੇ ਰਿਸ਼ਤਿਆਂ ਨੇ ਐੱਚ. ਆਈ. ਵੀ. ਵਰਗੀ ਬੀਮਾਰੀ ਨੂੰ ਵਧਾਇਆ ਹੈ। ਦੂਜਾ ਕਾਰਨ ਸੂਈ ਨਾਲ ਨਸ਼ਾ ਕਰਨ ਵਾਲੇ ਲੋਕ ਹਨ। ਇਹ ਲੋਕ ਇੰਫੈਕਟਿਡ ਸੂਈਆਂ ਦਾ ਵਾਰ-ਵਾਰ ਇਸਤੇਮਾਲ ਕਰਦੇ ਹਨ ਅਤੇ ਇਹ ਘਾਤਕ ਬੀਮਾਰੀ ਦਾ ਸ਼ਿਕਾਰ ਬਣਦੇ ਹਨ। ਐੱਚ. ਆਈ. ਵੀ. ਤੋਂ ਬਚਾਉਣ ਲਈ ਪੰਜਾਬ ਦੇ 3 ਜ਼ਿਲ੍ਹਿਆਂ 'ਚ ਇਕ ਵਿਸ਼ੇਸ਼ ਪਾਇਲਟ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਦਿੱਲੀ ਦਾ ਇਕ ਸਮਾਜਸੇਵੀ ਸੰਗਠਨ ਐੱਚ. ਆਈ. ਵੀ. ਤੋਂ ਲੋਕਾਂ ਨੂੰ ਬਚਾਉਣ ਲਈ ਲੁਧਿਆਣਾ, ਮੋਗਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ 'ਚ ਵਿਸ਼ੇਸ਼ ਮੁਹਿਮ ਚਲਾ ਰਿਹਾ ਹੈ। ਸੰਗਠਨ ਦੀ ਮੂਨਲਾਈਟ ਵੈਨ ਰਾਤ ਸਮੇਂ ਵੀ ਲੋਕਾਂ ਦੀ ਕਾਊਂਸਲਿੰਗ ਅਤੇ ਟੈਸਟਿੰਗ ਦਾ ਕੰਮ ਕਰ ਰਹੀ ਹੈ। ਹਾਈ ਰਿਸਕ ਲੋਕ ਦਿਨ 'ਚ ਆਪਣੀਆਂ ਨੌਕਰੀਆਂ ਕਾਰਨ ਕਾਊਂਸਲਿੰਗ ਅਤੇ ਟੈਸਟਿੰਗ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹੇ ਲੋਕਾਂ ਦੇ ਘਰ ਦੇ ਨੇੜੇ ਪਹੁੰਚ ਕੇ ਵੈਨ ਉਨ੍ਹਾਂ ਨੂੰ ਸਲਾਹ ਵੀ ਦੇ ਰਹੀ ਹੈ ਅਤੇ ਫਰੀ ਦਵਾਈਆਂ ਵੀ ਮੁਹੱਈਆ ਕਰਵਾ ਰਹੀ ਹੈ। ਇਹ ਵੈਨ ਲਵ ਕੰਡੋਮ ਵੀ ਮੁਫ਼ਤ ਵੰਡ ਰਹੀ ਹੈ। ਡਾ. ਵਿਸ਼ਾਲ ਗਰਗ ਨੇ ਦੱਸਿਆ ਕਿ ਸਮਾਜ ਸੇਵੀ ਸੰਗਠਨ ਨੂੰ 3 ਮਹੀਨਿਆਂ ਲਈ ਪਾਇਲਟ ਪ੍ਰਾਜੈਕਟ ਸੌਂਪਿਆ ਗਿਆ ਹੈ ਅਤੇ ਜੇਕਰ ਇਸ ਪ੍ਰਾਜੈਕਟ ਦੇ ਵਧੀਆ ਨਤੀਜੇ ਸਾਹਮਣੇ ਆਉਂਦੇ ਹਨ ਤਾਂ ਪੂਰੇ ਪੰਜਾਬ 'ਚ ਇਸ ਸੰਗਠਨ ਨੂੰ ਜ਼ਿੰਮੇਵਾਰੀ ਸੌਂਪੀ ਜਾਵੇਗੀ। ਸਰਕਾਰੀ ਹਸਪਤਾਲਾਂ 'ਚ ਇੰਟੀਗ੍ਰੇਟਿਡ ਕਾਊਂਸਲਿੰਗ ਐਂਡ ਟੈਸਟਿੰਗ ਸੈਂਟਰ, ਫੈਸੀਲਿਟੀ ਇੰਟੀਗ੍ਰੇਟਿਡ ਕਾਊਂਸਲਿੰਗ ਟੈਸਟਿੰਗ ਸੈਂਟਰ, ਐਂਟੀ ਰੈਟਰੋਵਾਇਰਲ ਸੈਂਟਰ ਉਸੇ ਤਰ੍ਹਾਂ ਕੰਮ ਕਰਦੇ ਰਹਿਣਗੇ।

ਸੜਕ 'ਤੇ ਟੋਆ ਦੱਸਣ ਵਾਲੇ ਨੂੰ ਮਿਲੇਗਾ 5,000 ਰੁਪਏ ਇਨਾਮ, ਇਸ ਸੂਬਾ ਸਰਕਾਰ ਨੇ ਲਿਆਂਦੀ ਨਵੀਂ ਸਕੀਮ

ਕੌਮੀ ਪਤ੍ਰਿਕਾ

ਪਟਨਾ 15 ਫਰਵਰੀ। ਬਿਹਾਰ ਦੀਆਂ ਸੜਕਾਂ ਨੂੰ ਟੋਆ ਮੁਕਤ ਬਣਾਉਣ ਲਈ ਨੀਤੀਸ਼ ਸਰਕਾਰ ਨੇ ਇੱਕ ਅਨੋਖੀ ਅਤੇ ਦੇਸ਼ ਦੀ ਪਹਿਲੀ ਅਜਿਹੀ ਯੋਜਨਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਨਵੀਂ ਨੀਤੀ ਤਹਿਤ ਜੇਕਰ ਕੋਈ ਵਿਅਕਤੀ ਸੜਕ 'ਤੇ ਟੋਏ ਦੀ ਸ਼ਿਕਾਇਤ ਕਰਦਾ ਹੈ, ਤਾਂ ਉਸ ਨੂੰ ਸਰਕਾਰ ਵੱਲੋਂ 5,000 ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਸੂਬੇ ਦੇ ਉਦਯੋਗ ਅਤੇ ਲੋਕ ਨਿਰਮਾਣ ਮੰਤਰੀ ਡਾ. ਦਿਲੀਪ ਜੈਸਵਾਲ ਨੇ ਜਾਣਕਾਰੀ ਦਿੱਤੀ ਕਿ ਇਹ 'ਗੱਡਾ ਦੱਸੋ, ਇਨਾਮ ਪਾਓ' ਸਕੀਮ 15 ਫਰਵਰੀ ਤੋਂ ਬਾਅਦ ਪੂਰੇ ਸੂਬੇ ਵਿੱਚ ਲਾਗੂ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਠੇਕੇਦਾਰਾਂ ਅਤੇ ਇੰਜੀਨੀਅਰਾਂ ਵਿੱਚ ਡਰ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਕੰਮ ਪ੍ਰਤੀ ਸੁਚੇਤ ਕਰਨਾ ਹੈ। ਮੰਤਰੀ ਮੁਤਾਬਕ, ਸ਼ਿਕਾਇਤ ਮਿਲਣ ਦੇ ਮਹਿਜ਼ 72 ਘੰਟਿਆਂ ਦੇ ਅੰਦਰ-ਅੰਦਰ ਸੜਕ ਦੀ ਮੁਰੰਮਤ ਕਰਨਾ ਲਾਜ਼ਮੀ ਹੋਵੇਗਾ। ਇਸ ਦੇ ਲਈ ਸਰਕਾਰ ਵੱਲੋਂ 'ਰੋਡ ਐਂਬੂਲੈਂਸ' ਸੇਵਾ ਸ਼ੁਰੂ ਕੀਤੀ ਜਾ ਰਹੀ ਹੈ, ਜੋ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੇਗੀ। ਲੋਕਾਂ ਦੀ ਸਹੂਲਤ ਲਈ ਸੂਬੇ ਦੇ ਸਾਰੇ ਮੁੱਖ ਚੌਕ-ਚੌਰਾਹਿਆਂ 'ਤੇ ਰੋਡ ਐਂਬੂਲੈਂਸ ਦਾ ਸੰਪਰਕ ਨੰਬਰ ਪ੍ਰਦਰਸ਼ਿਤ ਕੀਤਾ ਜਾਵੇਗਾ। ਡਾ. ਜੈਸਵਾਲ ਨੇ ਸਖ਼ਤ ਰੁਖ ਅਖਤਿਆਰ ਕਰਦਿਆਂ ਕਿਹਾ ਕਿ ਵਿਭਾਗ ਵਿੱਚ ਪਾਰਦਰਸ਼ਤਾ ਲਿਆਉਣ ਲਈ ਲਾਪਰਵਾਹ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਾਲ ਹੀ ਵਿੱਚ ਕੰਮ ਵਿੱਚ ਕੁਤਾਹੀ ਵਰਤਣ ਵਾਲੇ ਸ਼ਿਵਹਰ ਦੇ ਐਗਜ਼ੀਕਿਊਟਿਵ ਇੰਜੀਨੀਅਰ ਸਮੇਤ ਕਈ ਹੋਰਨਾਂ ਨੂੰ ਮੁਅੱਤਲ ਕੀਤਾ ਗਿਆ ਹੈ। ਟੈਂਡਰ ਪ੍ਰਕਿਰਿਆ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਵੀ



ਨਵੇਂ ਨਿਯਮ ਬਣਾਏ ਜਾ ਰਹੇ ਹਨ। ਸੜਕਾਂ ਦੇ ਜਾਲ ਨੂੰ ਮਜ਼ਬੂਤ ਕਰਨ ਲਈ ਸਰਕਾਰ ਬਿਹਾਰ ਵਿੱਚ ਪੰਜ ਨਵੇਂ ਐਕਸਪ੍ਰੈਸ ਹਾਈਵੇਅ ਬਣਾਉਣ ਜਾ ਰਹੀ ਹੈ। ਮੰਤਰੀ ਨੇ ਦਾਅਵਾ ਕੀਤਾ ਕਿ ਇਨ੍ਹਾਂ ਹਾਈਵੇਅ ਦੇ ਬਣਨ ਨਾਲ ਸੂਬੇ ਦੇ ਕਿਸੇ ਵੀ ਕੋਨੇ ਤੋਂ ਸਿਰਫ਼ 5 ਘੰਟਿਆਂ ਦੇ ਅੰਦਰ ਪਟਨਾ ਪਹੁੰਚਣਾ ਸੰਭਵ ਹੋਵੇਗਾ। ਮੌਜੂਦਾ ਹਾਈਵੇਅ ਨੂੰ ਚੌੜਾ ਕਰਨ ਅਤੇ ਉਨ੍ਹਾਂ ਦੀ ਹਾਲਤ ਸੁਧਾਰਨ ਦਾ ਪ੍ਰਸਤਾਵ ਵੀ ਲਿਆਂਦਾ ਜਾ ਰਿਹਾ ਹੈ।

ਸੁਲਤਾਨਪੁਰ ਲੋਧੀ 'ਚ ਚਾਈਨਾ ਡੋਰ ਦਾ ਕਾਰੋਬਾਰ ਸਿਖਰਾਂ 'ਤੇ, ਪੁਲਸ ਪ੍ਰਸ਼ਾਸਨ ਦਾ ਖ਼ੌਫ ਉੱਡਿਆ

ਸੁਲਤਾਨਪੁਰ ਲੋਧੀ 15 ਫਰਵਰੀ। ਚਾਈਨਾ ਡੋਰ ਅਤੇ ਸਰਕਾਰ ਵੱਲੋਂ ਪਾਬੰਦੀ ਲਗਾਉਣ ਦੇ ਹੁਕਮਾਂ 'ਤੇ ਸਖ਼ਤੀ ਨਾਲ ਨਜਿੱਠਣ ਦੇ ਆਦੇਸ਼ਾਂ ਨੂੰ ਪਾਵਨ ਨਗਰੀ ਸੁਲਤਾਨਪੁਰ ਲੋਧੀ 'ਚ ਪ੍ਰਸ਼ਾਸਨ ਅਮਲੀ ਜਾਮਾ ਪਹਿਨਾਉਣ 'ਚ ਬਿਲਕੁਲ ਫੇਲ ਸਾਬਤ ਹੋਇਆ ਹੈ ਅਤੇ ਹਾਲਾਤ ਇਥੋਂ ਤੱਕ ਪਹੁੰਚ ਚੁੱਕੇ ਹਨ

ਕਿ ਚਾਈਨਾ ਡੋਰ ਦਾ ਕਾਰੋਬਾਰ ਕਰਨ ਵਾਲੇ ਸ਼ਰੇਆਮ ਪੁਲਸ ਪ੍ਰਸ਼ਾਸਨ ਦੇ ਹੁਕਮਾਂ ਦੀ ਧੱਜੀਆਂ ਉਡਾ ਕੇ ਚਾਈਨਾ ਡੋਰ ਦੀ ਖਰੀਦਾਰੀ ਤੇ ਵੇਚਣ ਦਾ ਕਾਰੋਬਾਰ ਕਰ ਰਹੇ ਹਨ। ਸ਼ਹਿਰ 'ਚ ਹੁਣ ਇਹ ਧੰਦਾ ਪੁਲਸ ਦੀ ਨੱਕ ਹੇਠਾਂ ਸਿਖਰਾਂ ਤੱਕ ਪਹੁੰਚ ਚੁੱਕਾ ਹੈ ਤੇ ਇਸ ਨਾਲ ਕਈ ਵਾਰਦਾਤਾਂ ਹੋਣ ਦੇ ਬਾਵਜੂਦ ਪਤਾ ਨਹੀਂ ਪੁਲਸ ਪ੍ਰਸ਼ਾਸਨ ਇਨ੍ਹਾਂ ਖ਼ੂਨੀ ਡੋਰ ਦਾ ਕਾਰੋਬਾਰ ਕਰਨ ਵਾਲਿਆਂ ਤੇ ਕੋਈ ਕਾਰਵਾਈ ਕਰਨ ਦਾ ਕਿਉਂ ਇੰਤਜਾਰ ਕਰ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਇਸ ਖ਼ੂਨੀ ਡੋਰ ਦਾ ਧੰਦਾ ਦੁਕਾਨਦਾਰ ਲੁਕ ਛਿਪ ਕੇ ਕਰ ਰਹੇ ਸਨ ਪ੍ਰੰਤੂ ਹੁਣ ਤਾਂ ਇਸਨੇ ਸ਼ਰਿ ਦੇ ਹਰ ਮੁਹੱਲੇ 'ਚ ਪੈਰ ਪਸਾਰ ਲਏ ਹਨ। ਜੇ ਪੁਲਸ ਕਿਤੇ ਕੋਈ ਕਾਰਵਾਈ ਵੀ ਕਰਦੀ ਹੈ ਤਾਂ ਰਾਜਨੀਤਿਕ ਸਿਫਾਰਸ਼ਾਂ ਦੇ ਅੱਗੇ ਪੁਲਸ ਬੇਬਸ ਹੋ ਜਾਂਦੀ ਹੈ। ਚਾਈਨਾ ਡੋਰ ਕਾਰੋਬਾਰੀਆਂ 'ਚ ਖੌਫ ਹੁਣ ਪੁਲਸ ਤੋਂ ਉਤਰ ਗਿਆ ਹੈ ਤੇ ਉਨ੍ਹਾਂ ਨੇ ਇਸ ਕਾਰੋਬਾਰ 'ਚ ਨਾਬਾਲਗ ਲੜਕਿਆਂ ਨੂੰ ਵੀ ਸ਼ਾਮਲ ਕਰ ਲਿਆ ਹੈ, ਜੋ ਆਪਣੇ ਪਹਿਚਾਣ ਵਾਲੇ ਦੇ ਘਰ ਡਿਲੀਵਰੀ ਕਰਦੇ ਹਨ। ਲੋਹੜੀ ਤੇ ਮੱਘਰ ਸੰਗਰਾਂਦ ਦੇ ਦਿਨ ਨਜਦੀਕ ਆਉਣ ਕਾਰਨ ਚਾਈਨਾ ਡੋਰ ਦੀ ਮੰਗ ਜ਼ਿਆਦਾ ਤੇਜ਼ ਹੋ ਗਈ ਹੈ, ਜਿਸ ਨੂੰ ਰੋਕਣ ਲਈ ਜੇ ਪੁਲਸ ਨੇ ਹੁਣ ਵੀ ਸਖਤੀ ਨਾ ਵਰਤੀ ਤਾਂ ਆਉਣ ਵਾਲੇ ਦਿਨਾਂ 'ਚ ਇਸ ਖ਼ੂਨੀ ਡੋਰ ਨਾਲ ਵਾਪਰਨ ਵਾਲੇ ਹਾਦਸਿਆਂ 'ਚ ਵਾਧਾ ਵੀ ਹੋਵੇਗਾ ਅਤੇ ਕਿਸੇ ਵੀ ਸਮੇਂ ਕੋਈ ਅਸੁਖਦ ਘਟਨਾ ਵਾਪਰ ਸਕਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇ ਪੁਲਸ ਚਾਹੇ ਤਾਂ ਕਿਸ ਨੂੰ ਨਹੀਂ ਰੋਕ ਸਕਦੀ। ਉਨ੍ਹਾਂ ਸਿਆਸੀ ਆਗੂਆਂ ਨੂੰ ਵੀ ਇਸ ਮਾਮਲੇ 'ਚ ਪੁਲਸ ਪ੍ਰਸ਼ਾਸਨ ਤੇ ਵਾਧੂ ਦਬਾਅ ਨਾ ਪਾਉਣ ਦੀ ਅਪੀਲ ਕੀਤੀ ਹੈ। ਇਸ ਸਬੰਧੀ ਥਾਣਾ ਸੁਲਤਾਨਪੁਰ ਲੋਧੀ ਮੁਖੀ ਇੰਸਪੈਕਟਰ ਸੋਨਮਦੀਪ ਕੌਰ ਨੇ ਕਿਹਾ ਕਿ ਚਾਈਨਾ ਡੋਰ ਦਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਨਾ ਹੀ ਇਸ ਮਾਮਲੇ 'ਚ ਕਿਸੇ ਦੀ ਕੋਈ ਸਿਫ਼ਾਰਿਸ਼ ਮੰਨੀ ਜਾਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਦਿਨਾਂ 'ਚ ਸ਼ਹਿਰ ਵਾਸੀਆਂ ਨੂੰ ਇਸ ਦੇ ਸਾਰਥਕ ਨਤੀਜੇ ਮਿਲਣਗੇ।

ਚਾਈਨਾ ਡੋਰ ਨਾਲ ਪਤੰਗ ਚੜ੍ਹਾਉਣ ਵਾਲਿਆਂ 'ਤੇ 307 ਦਾ ਪਰਚਾ !

ਸਮਰਾਲਾ 15 ਫਰਵਰੀ। ਸਰਦੀਆਂ ਦੀ ਰੁੱਤ ਸ਼ੁਰੂ ਹੁੰਦੇ ਹੀ ਜਿੱਥੇ ਪਤੰਗਬਾਜ਼ੀ ਦਾ ਸ਼ੌਕ ਵਧਣ ਲੱਗਦਾ ਹੈ, ਉੱਥੇ ਹੀ ਖ਼ਤਰਨਾਕ ਪਲਾਸਟਿਕ ਦੀ ਡੋਰ (ਚਾਈਨਾ ਡੋਰ) ਕਾਰਨ ਵਾਪਰਨ ਵਾਲੇ ਹਾਦਸਿਆਂ ਦਾ ਡਰ ਵੀ ਵੱਧ ਜਾਂਦਾ ਹੈ। ਇਸ ਗੰਭੀਰ ਸਮੱਸਿਆ ਨੂੰ ਮੁੱਖ ਰੱਖਦਿਆਂ ਸਮਰਾਲਾ ਪੁਲਸ ਨੇ ਹੁਣ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਡੀਐੱਸਪੀ ਸਮਰਾਲਾ ਤਰਲੋਚਨ ਸਿੰਘ ਨੇ ਸਪੱਸ਼ਟ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਵੀ ਵਿਅਕਤੀ ਜਾਂ ਬੱਚਾ ਚਾਈਨਾ ਡੋਰ ਨਾਲ ਪਤੰਗ ਉਡਾਉਂਦਾ ਪਾਇਆ ਗਿਆ ਤਾਂ ਉਸ ਵਿਰੁੱਧ ਇਰਾਦਾ-ਏ-ਕਤਲ ਯਾਨੀ ਧਾਰਾ 307 ਦੇ ਤਹਿਤ ਮਾਮਲਾ ਦਰਜ ਕੀਤਾ ਜਾਵੇਗਾ। ਪੁਲਸ ਅਨੁਸਾਰ ਇਹ ਫੈਸਲਾ ਇਸ ਲਈ ਲਿਆ ਗਿਆ ਹੈ ਕਿਉਂਕਿ ਪਲਾਸਟਿਕ ਦੀ ਡੋਰ ਲੋਕਾਂ ਦੇ ਗਲਿਆਂ ਅਤੇ ਹੱਥਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੰਦੀ ਹੈ, ਜੋ ਜਾਨਲੇਵਾ ਸਾਬਤ ਹੋ ਸਕਦੀ ਹੈ। ਪੁਲਸ ਨੇ ਸਿਰਫ ਪਤੰਗ ਉਡਾਉਣ ਵਾਲਿਆਂ ਨੂੰ ਹੀ ਨਹੀਂ, ਬਲਕਿ ਬੱਚਿਆਂ ਦੇ ਮਾਪਿਆਂ ਨੂੰ ਵੀ ਸਾਵਧਾਨ ਕੀਤਾ ਹੈ। ਡੀਐੱਸਪੀ ਨੇ ਆਖਿਆ ਕਿ ਜੇਕਰ ਕੋਈ ਬੱਚਾ ਪਲਾਸਟਿਕ ਡੋਰ ਦੀ ਵਰਤੋਂ ਕਰਦਾ ਫੜਿਆ ਜਾਂਦਾ ਹੈ, ਤਾਂ ਉਸ ਦੇ ਮਾਤਾ-ਪਿਤਾ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਆਉਣ ਵਾਲੇ ਤਿਉਹਾਰਾਂ, ਜਿਵੇਂ ਕਿ ਲੋਹੜੀ ਅਤੇ ਬਸੰਤ ਪੰਚਮੀ ਮੌਕੇ ਹੁਣ ਹੁਲੜਬਾਜ਼ਾਂ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੀ ਖੈਰ ਨਹੀਂ ਹੋਵੇਗੀ। ਸਮਰਾਲਾ ਪੁਲਿਸ ਇਨ੍ਹਾਂ ਤਿਉਹਾਰਾਂ ਦੌਰਾਨ ਡਰੋਨ ਕੈਮਰਿਆਂ ਦੀ ਵਰਤੋਂ ਕਰਕੇ ਸ਼ਹਿਰ ਦੀ ਚੈਕਿੰਗ ਕਰੇਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਗੈਰ-ਕਾਨੂੰਨੀ ਡੋਰ ਦੀ ਵਰਤੋਂ ਨਾ ਕਰੇ। ਇਹ ਡੋਰ ਨਾ ਸਿਰਫ ਮਨੁੱਖਾਂ ਲਈ ਖਤਰਾ ਹੈ, ਬਲਕਿ ਬੇਜ਼ੁਬਾਨ ਪੰਛੀਆਂ ਲਈ ਵੀ ਕਾਲ ਬਣਦੀ ਹੈ। ਅਕਸਰ ਪੰਛੀ ਇਸ ਮਜ਼ਬੂਤ ਪਲਾਸਟਿਕ ਦੀ ਡੋਰ ਵਿੱਚ ਉਲਝ ਕੇ ਦਰਖਤਾਂ 'ਤੇ ਫਸ ਜਾਂਦੇ ਹਨ ਅਤੇ ਆਪਣੀ ਜਾਨ ਗੁਆ ਬੈਠਦੇ ਹਨ।

ਪਿਤਾ ਦੀ ਰਾਈਫਲ 'ਚੋਂ ਅਚਾਨਕ ਚੱਲੀ ਗੋਲੀ, ਨਾਬਾਲਗ ਪੁੱਤ ਦੀ ਗਈ ਜਾਨ

ਕੌਮੀ ਪਤ੍ਰਿਕਾ

ਕਿਸ਼ਤਵਾੜ 15 ਫਰਵਰੀ। ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਤੋਂ ਇਕ ਬਹੁਤ ਹੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇਕ ਵਿਲੇਜ ਡਿਫੈਂਸ ਗਾਰਡ (੭47) ਮੈਂਬਰ ਦੀ ਰਾਈਫਲ 'ਚੋਂ ਅਚਾਨਕ ਗੋਲੀ ਚੱਲਣ ਕਾਰਨ ਉਸ ਦੇ 16 ਸਾਲਾ ਪੁੱਤ ਦੀ ਮੌਤ ਹੋ ਗਈ। ਇਹ ਘਟਨਾ ਸ਼ਨੀਵਾਰ ਰਾਤ ਉਸ ਸਮੇਂ ਵਾਪਰੀ ਜਦੋਂ ਪਿਤਾ ਆਪਣੀ ਸਰਕਾਰੀ ਬੰਦੂਕ ਦੀ ਸਫ਼ਾਈ ਕਰ ਰਿਹਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ, ਕਿਸ਼ਤਵਾੜ ਦੇ ਮੁਗਲ ਮੈਦਾਨ ਇਲ

ਮਹਾ ਸ਼ਿਵਰਾਤਰੀ ਮੌਕੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਸ੍ਰੀ ਰਣਕੇਸ਼ਵਰ ਮਹਾਦੇਵ ਮੰਦਰ ਵਿਖੇ ਮੱਥਾ ਟੇਕਿਆ

Contd....Front page

ਉਨ੍ਹਾਂ ਅੱਗੇ ਕਿਹਾ, ਇਹ ਤਿਉਹਾਰ ਧਾਰਮਿਕਤਾ, ਸ਼ਰਧਾ, ਆਪਸੀ ਪਿਆਰ ਅਤੇ ਸਦਭਾਵਨਾ 'ਤੇ ਜ਼ੋਰ ਦਿੰਦਾ ਹੈ। ਇਸ ਮੌਕੇ ਦੀ ਸੱਭਿਆਚਾਰਕ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਇੱਕ ਮਹੱਤਵਪੂਰਨ ਤਿਉਹਾਰ ਹੈ, ਜਿਸ ਨੂੰ ਮਹਾਨ ਭਾਰਤੀ ਸੱਭਿਅਤਾ ਦੇ ਆਧਾਰ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਅੱਗੇ ਕਿਹਾ, ਸ੍ਰੀ ਰਣਕੇਸ਼ਵਰ ਮਹਾਦੇਵ ਨੂੰ ਪੰਜਾਬ ਦੇ ਮਾਲਵਾ ਖੇਤਰ ਵਿੱਚ ਇੱਕ ਸਤਿਕਾਰਯੋਗ ਸਿੱਧ ਪੀਠ ਮੰਨਿਆ ਜਾਂਦਾ ਹੈ। ਅਜਿਹੇ ਸਥਾਨਾਂ ਦੀ ਅਧਿਆਤਮਿਕ ਵਿਰਾਸਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, ਇਤਿਹਾਸਕ ਤੌਰ 'ਤੇ ਸਿੱਧ ਪੀਠਾਂ ਨੂੰ ਪਵਿੱਤਰ ਸਥਾਨ ਮੰਨਿਆ ਜਾਂਦਾ ਹੈ, ਜਿੱਥੇ ਡੂੰਘਾਈ ਨਾਲ ਤਪੱਸਿਆ ਅਤੇ ਅਧਿਆਤਮਿਕ ਅਭਿਆਸ ਕੀਤੇ ਜਾਂਦੇ ਸਨ, ਜਿਸ ਨਾਲ ਬ੍ਰਹਮ ਪ੍ਰਗਟ ਹੁੰਦੇ ਸਨ। ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਪਰੰਪਰਾ ਵਿੱਚ ਅਜਿਹੇ ਸਥਾਨਾਂ ਦਾ ਬਹੁਤ ਮਹੱਤਵ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਸਦੀਆਂ ਦੀ ਭਗਤੀ ਅਤੇ ਤਪੱਸਿਆ ਦੁਆਰਾ ਅਧਿਆਤਮਿਕ ਸ਼ਕਤੀ ਮਿਲਦੀ ਹੈ। ਉਨ੍ਹਾਂ ਅੱਗੇ ਕਿਹਾ, ਇਹ ਮੰਦਰ ਰਵਾਇਤੀ ਤੌਰ 'ਤੇ ਮਹਾਭਾਰਤ ਕਾਲ ਨਾਲ ਜੁੜਿਆ ਹੋਇਆ ਹੈ, ਖਾਸ ਕਰਕੇ ਭਗਵਾਨ ਸ਼ਿਵ ਨੂੰ ਖ਼ੁਸ਼ ਕਰਨ ਲਈ ਅਰਜੁਨ ਦੀ ਤਪੱਸਿਆ ਨਾਲ। ਉਨ੍ਹਾਂ ਅੱਗੇ ਕਿਹਾ, ਇਹ ਮੰਨਿਆ ਜਾਂਦਾ ਹੈ ਕਿ ਡੂੰਘੀ ਤਪੱਸਿਆ ਤੋਂ ਬਾਅਦ ਭਗਵਾਨ ਸ਼ਿਵ ਅਰਜੁਨ ਦੇ ਸਾਹਮਣੇ ਪ੍ਰਗਟ ਹੋਏ ਅਤੇ ਉਨ੍ਹਾਂ ਨੂੰ ਬ੍ਰਹਮ ਹਥਿਆਰ ਗਾਂਡੀਵ ਧਨੁਸ਼ ਦਾ ਵਰਦਾਨ ਦਿੱਤਾ। ਇਸ ਸਥਾਨ ਨੂੰ ਭਾਰਤ ਦੀ ਮਹਾਂਕਾਵਿ ਵਿਰਾਸਤ ਨਾਲ ਜੋੜਦੇ ਹੋਏ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸਥਾਨ ਭਾਰਤ ਦੇ ਮਹਾਨ ਮਹਾਂਕਾਵਾਂ ਵਿੱਚੋਂ ਇੱਕ ਨਾਲ ਸਬੰਧਤ ਹੈ, ਜਿਸ ਨਾਲ ਇਸ ਨੂੰ ਡੂੰਘੀ ਮਿਥਿਹਾਸਕ ਅਤੇ ਇਤਿਹਾਸਕ ਪਛਾਣ ਮਿਲਦੀ ਹੈ। ਉਨ੍ਹਾਂ ਅੱਗੇ ਕਿਹਾ, ਸ਼੍ਰੀ ਰਣਕੇਸ਼ਵਰ ਮਹਾਦੇਵ ਮਾਲਵਾ ਪੱਟੀ ਵਿੱਚ ਸ਼ਿਵ ਭਗਤੀ ਦੀ ਇਸ ਨਿਰੰਤਰਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ, ਇਹ ਪਵਿੱਤਰ ਸਥਾਨ ਇੱਕ ਯਾਦ ਦਿਵਾਉਂਦਾ ਹੈ ਕਿ ਪੰਜਾਬ ਦੀ ਸੱਭਿਆਚਾਰਕ ਪਛਾਣ ਅਧਿਆਤਮਿਕ ਇਤਿਹਾਸ ਦੀਆਂ ਕਈ ਪਰਤਾਂ ਦੁਆਰਾ ਘੜੀ ਗਈ ਹੈ। ਤਿਉਹਾਰ ਦੀ ਵਿਆਪਕ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ, ਮਹਾਸ਼ਿਵਰਾਤਰੀ ਸਿਰਫ਼ ਇੱਕ ਧਾਰਮਿਕ ਤਿਉਹਾਰ ਨਹੀਂ ਹੈ, ਸਗੋਂ ਪ੍ਰਾਚੀਨ ਸੱਭਿਅਤਾ ਨਾਲ ਸਬੰਧਤ ਹੈ। ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਤਿਉਹਾਰ ਭਗਵਾਨ ਸ਼ਿਵ ਅਤੇ ਮਾਤਾ ਪਾਰਵਤੀ ਦੇ ਬ੍ਰਹਮ ਮਿਲਾਪ ਦੀ ਯਾਦ ਦਿਵਾਉਂਦਾ ਹੈ ਅਤੇ ਅਧਿਆਤਮਿਕ ਜਾਗ੍ਰਿਤੀ ਅਤੇ ਸਵੈ-ਅਨੁਸ਼ਾਸਨ ਦਾ ਪ੍ਰਤੀਕ ਹੈ।"ਉਨ੍ਹਾਂ ਅੱਗੇ ਕਿਹਾ, "ਇੰਨੀ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਤਪਸਥਲੀ 'ਤੇ ਮਹਾਸ਼ਿਵਰਾਤਰੀ ਮਨਾਉਣਾ ਪੁਰਾਣੇ ਰੀਤੀ-ਰਿਵਾਜਾਂ ਅਤੇ ਵਿਸ਼ਵਾਸ ਦੀ ਨਿਰੰਤਰਤਾ ਨੂੰ ਮਜ਼ਬੂਤ ??ਕਰਦਾ ਹੈ।"ਉਨ੍ਹਾਂ ਕਿਹਾ, "ਸ਼੍ਰੀ ਰਣਕੇਸ਼ਵਰ ਮਹਾਦੇਵ ਵਿਖੇ ਸਾਲਾਨਾ ਜਸ਼ਨ ਇਸ ਨੂੰ ਵਿਸਾਰੇ ਹੋਏ ਸਮਾਰਕ ਦੀ ਬਜਾਏ ਇੱਕ ਜੀਵੰਤ ਵਿਰਾਸਤੀ ਸਥਾਨ ਵਜੋਂ ਸੁਰੱਖਿਅਤ ਰੱਖਣ ਵਿੱਚ ਮਦਦ ਕਰਦੇ ਹਨ। ਇਸ ਸਥਾਨ ਦੀ ਸੱਭਿਆਚਾਰਕ ਮਹੱਤਤਾ ਉਜਾਗਰ ਕਰਦਿਆਂ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਪਵਿੱਤਰ ਸਥਾਨ ਸਦੀਆਂ ਪੁਰਾਣੀਆਂ ਭਗਤੀ ਪ੍ਰਥਾਵਾਂ ਨੂੰ ਦਰਸਾਉਂਦਾ ਹੈ, ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਚੱਲੀਆਂ ਆ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ, ਰਸਮਾਂ ਦੀ ਨਿਰੰਤਰਤਾ ਦਰਸਾਉਂਦੀ ਹੈ ਕਿ ਵਿਸ਼ਵਾਸ ਪਰੰਪਰਾਵਾਂ ਸਮੇਂ ਦੇ ਨਾਲ ਕਿਵੇਂ ਅਨੁਕੂਲ ਹੁੰਦੀਆਂ ਹਨ, ਜਦੋਂ ਕਿ ਉਨ੍ਹਾਂ ਦਾ ਮੂਲ ਤੱਤ ਕਾਇਮ ਰਹਿੰਦਾ ਹੈ ਅਤੇ ਇਹ ਖੇਤਰ ਦੀ ਅਦਿੱਖ ਸੱਭਿਆਚਾਰਕ ਵਿਰਾਸਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਉਨ੍ਹਾਂ ਅੱਗੇ ਕਿਹਾ, ਅਜਿਹੇ ਸਮਾਗਮ ਮਾਲਵਾ ਖੇਤਰ ਵਿੱਚ ਖੇਤਰੀ ਪਛਾਣ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ??ਕਰਦੇ ਹਨ ਅਤੇ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਲੋਕਾਂ ਨੂੰ ਇੱਕ ਸਾਂਝੇ ਅਧਿਆਤਮਿਕ ਅਤੇ ਸੱਭਿਆਚਾਰਕ ਝੰਡੇ ਹੇਠ ਇਕੱਠੇ ਕਰਦੇ ਹਨ। ਵਿਰਾਸਤ ਦੀ ਸੰਭਾਲ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਜ਼ਾਹਰ ਕਰਦਿਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬਾ ਸਰਕਾਰ ਪਹਿਲਾਂ ਹੀ ਨੌਜਵਾਨ ਪੀੜ੍ਹੀਆਂ ਨੂੰ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਲਈ ਸਖ਼ਤ ਮਿਹਨਤ ਕਰ ਰਹੀ ਹੈ।"ਉਨ੍ਹਾਂ ਕਿਹਾ, "ਸੂਬਾ ਸਰਕਾਰ ਪਹਿਲਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਬੇਮਿਸਾਲ ਢੰਗ ਨਾਲ ਮਨਾ ਚੁੱਕੀ ਹੈ।"ਉਨ੍ਹਾਂ ਅੱਗੇ ਕਿਹਾ, "ਹੁਣ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਵੀ ਬੇਮਿਸਾਲ ਢੰਗ ਨਾਲ ਮਨਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।"ਅੰਤ ਵਿੱਚ ਉਨ੍ਹਾਂ ਕਿਹਾ, "ਸੂਬਾ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਤੋਂ ਜਾਣੂ ਕਰਵਾਇਆ ਜਾਵੇ।

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ

ਸਮਾਜ ਵਿੱਚ ਜਾਤ-ਪਾਤ ਦਾ ਵਿਤਕਰਾ ਗੁਰੂ ਸਾਹਿਬਾਨ ਦੇ ਸਿਧਾਂਤ ਦੇ ਵਿਰੁੱਧ - ਜਸਵੀਰ ਸਿੰਘ ਗੜ੍ਹੀ

ਕ੍ਰਿਸ਼ਨ ਸਿੰਘ ਦੁਸਾਂਝ

ਅੰਮ੍ਰਿਤਸਰ, 15 ਫਰਵਰੀ : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਅੱਜ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰ ਉੱਪਰ ਨਤਮਸਤਕ ਹੋਣ ਤੋਂ ਬਾਅਦ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ

ਕਿਹਾ ਕਿ ਉਹ ਗੁਰੂ ਸਾਹਿਬ ਦਾ ਕੋਟਿਨ-ਕੋਟਿ ਸ਼ੁਕਰਾਨਾਂ ਕਰਦੇ ਹਨ ਜਿਨ੍ਹਾਂ ਦੀ ਮਿਹਰ ਸਦਕਾ ਉਨ੍ਹਾਂ ਨੂੰ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸੂਚਨਾ ਕੇਂਦਰ ਵਿਖੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐੱਸ.ਡੀ.ਐੱਮ. ਲੋਪੋਕੇ ਸ੍ਰੀ ਖੁਸ਼ਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੂਚਨਾ ਕੇਂਦਰ ਦੇ ਨਜ਼ਦੀਕ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਅਤੇ ਸਰਬ ਸਾਂਝੀਵਾਲਤਾ ਦਾ ਜੋ ਉਪਦੇਸ਼ ਦਿੱਤਾ ਗਿਆ ਹੈ ਉਸ ਨੂੰ ਆਪਣੇ ਅਮਲੀ ਜੀਵਨ ਵਿੱਚ ਵੀ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿੱਚ ਅਜੇ ਵੀ ਜਾਤ-ਪਾਤ ਨੂੰ ਲੈ ਕੇ ਕੁਝ ਵਿਤਕਰਾ ਦੇਖਣ ਨੂੰ ਮਿਲਦਾ ਹੈ ਜੋ ਕਿ ਗੁਰੂ ਸਾਹਿਬਾਨ ਦੇ ਸਿਧਾਂਤ ਦੇ ਬਿਲਕੁੱਲ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਜੋਂ ਸੇਵਾ ਨਿਭਾਉਂਦਿਆਂ ਉਹ ਸਮਾਜ ਵਿੱਚ ਹੋ ਰਹੇ ਇਸ ਵਿਤਕਰੇ ਨੂੰ ਵੀ ਹੋਰ ਵੀ ਨੇੜੇ ਤੋਂ ਮਹਿਸੂਸ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਵਿੱਚ ਉਨ੍ਹਾਂ ਦੇ ਦਫ਼ਤਰ ਵਿੱਚ 3750 ਸ਼ਿਕਾਇਤਾਂ ਜਾਤ-ਪਾਤ ਦੇ ਹੋ ਰਹੇ ਵਿਤਕਰੇ ਨਾਲ ਸਬੰਧਿਤ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਮਹਾਂਵਾਕ ਉੱਪਰ ਚੱਲਦਿਆਂ ਕਮਿਸ਼ਨ ਵੱਲੋਂ ਜਾਤੀ ਵਿਤਕਰਿਆਂ ਨੂੰ ਖ਼ਤਮ ਕਰਨ ਲਈ ਪੂਰੀ ਸੁਹਿਰਦਤਾ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਆਪਣੇ ਫ਼ਰਜ਼ਾਂ ਦੀ ਅਦਾਇਗੀ ਤੋਂ ਕਦੀ ਪਿੱਛੇ ਨਹੀਂ ਹੱਟੇਗਾ। ਪੱਤਰਕਾਰਾਂ ਵੱਲੋਂ ਪੁੱਛੇ ਇੱਕ ਸਵਾਲ ਦਾ ਜੁਆਬ ਦਿੰਦਿਆਂ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕੁਝ ਰਾਜਨੀਤਿਕ ਆਗੂਆਂ ਦੀ ਸੋਚ ਵਿੱਚ ਅਜੇ ਵੀ ਜਾਤੀਵਾਦ ਘਰ ਕਰੀ ਬੈਠੀ ਹੈ ਅਤੇ ਇਹੀ ਕਾਰਨ ਹੈ ਕਿ ਉਹ ਵਾਰ-ਵਾਰ ਜਾਤੀਵਾਦ ਸਬੰਧੀ ਗਲਤ ਟਿੱਪਣੀਆਂ ਕਰ ਦਿੰਦੇ ਹਨ। ਸ੍ਰੀ ਗੜ੍ਹੀ ਨੇ ਕਿਹਾ ਕਿ ਉਨ੍ਹਾਂ ਅੱਜ ਵਾਹਿਗੁਰੂ ਅੱਗੇ ਇਹ ਵੀ ਅਰਦਾਸ ਕੀਤੀ ਹੈ ਕਿ ਸੱਚੇ ਪਾਤਸ਼ਾਹ ਅਜਿਹੇ ਲੋਕਾਂ ਨੂੰ ਸਮੁੱਤ ਬਖਸ਼ਣ ਜੋ ਸਮਾਜ ਨੂੰ ਜਾਤਾਂ-ਪਾਤਾਂ ਵਿੱਚ ਵੰਡਣ ਦੀ ਰਾਜਨੀਤੀ ਕਰਦੇ ਹਨ।

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUM

ਤੁਹਾਡਾ ਬੱਚਾ ਰਾਈਟ ਬ੍ਰੇਨ ਹੈ ਜਾਂ ਲੈਫਟ ਬ੍ਰੇਨ ?

ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਤੁਹਾਡਾ ਬੱਚਾ ਖੱਬੇ ਹੱਥ ਦੀ ਵਰਤੋਂ ਕਰਦਾ ਹੈ ਜਾਂ ਸੱਜੇ ਦੀ ਪਰ ਕੀ ਤੁਸੀਂ ਇਹ ਜਾਣਦੇ ਹੋ ਕਿ ਤੁਹਾਡਾ ਬੱਚਾ ਆਪਣੇ ਦਿਮਾਗ ਦੇ ਖੱਬੇ ਪਾਸੇ ਦੀ ਵਰਤੋਂ ਕਰਦਾ ਹੈ ਜਾਂ ਸੱਜੇ ਪਾਸੇ ਦੀ। ਜੇਕਰ ਤੁਸੀਂ ਇਸ ਦਾ ਪਤਾ ਲਗਾ ਲਓ ਤਾਂ ਇਸ ਨਾਲ ਨਾ ਸਿਰਫ ਤੁਹਾਨੂੰ ਉਸ ਦੇ ਭਵਿੱਖ ਦਾ ਅੰਦਾਜ਼ਾ ਲਗਾਉਣ 'ਚ ਮਦਦ ਮਿਲੇਗੀ, ਸਗੋਂ ਤੁਸੀਂ ਉਸ ਦੇ ਕੈਰੀਅਰ ਨੂੰ ਵੀ ਸਹੀ ਦਿਸ਼ਾ ਦੇ ਸਕੋਗੇ।

ਕੀ ਤੁਸੀਂ ਕਦੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਤੁਹਾਡਾ ਬੱਚਾ ਗਣਿਤ 'ਚ ਘੱਟ ਅੰਕ ਕਿਉਂ ਲਿਆਉਂਦਾ ਹੈ ਜਾਂ ਤੁਸੀਂ ਉਸ ਨੂੰ ਬਸ ਝਿੜਕਦੇ ਰਹਿੰਦੇ ਹੋ ਕਿ ਉਹ ਹੋਰ ਮਿਹਨਤ ਕਰੇ ਤਾਂ ਕਿ ਬੇਹਤਰ ਅੰਕ ਲਿਆ ਸਕੇ। ਇਸੇ ਤਰ੍ਹਾਂ ਕੀ ਤੁਸੀਂ ਕਦੇ ਸੋਚਿਆ ਹੈ ਕਿ ਉਹ ਚਿੱਤਰਕਲਾ ਵੱਲ ਇੰਨੀ ਦਿਲਚਸਪੀ ਕਿਉਂ ਰੱਖਦਾ ਹੈ। ਹੋ ਸਕਦੈ ਕਿ ਇਹ ਮਿਸਾਲ ਤੁਹਾਨੂੰ ਦਰਸ਼ੀਲ ਸਫਾਰੀ ਦੀ ਯਾਦ ਦਿਵਾ ਦੇਵੇ, ਜਿਸ ਨੇ ਫਿਲਮ 'ਤਾਰੇ ਜ਼ਮੀਂ ਪਰ' 'ਚ ਮੁੱਖ ਕਿਰਦਾਰ ਨਿਭਾਇਆ ਸੀ। ਪਰ ਇਸ ਉਦਾਹਰਣ ਦਾ ਅਰਥ ਇਹ ਨਹੀਂ ਹੈ ਕਿ ਤੁਹਾਡਾ ਬੱਚਾ ਵੀ ਡਾਇਸਲੈਕਸੀਆ ਦਾ ਸ਼ਿਕਾਰ ਹੈ। ਅਸਲ 'ਚ ਇਹ ਸਭ ਬ੍ਰੇਨ ਗੇਮ ਹੈ ਭਾਵ ਉਸ ਦਾ ਸੱਜਾ ਦਿਮਾਗ ਖੱਬੇ ਦਿਮਾਗ 'ਤੇ ਹਾਵੀ ਹੈ।

ਬਾਇਓਲੋਜੀ ਮੁਤਾਬਿਕ ਮਨੁੱਖੀ ਦਿਮਾਗ ਵਿਚਕਾਰੋਂ ਦੋ ਹਿੱਸਿਆਂ 'ਚ ਵੰਡਿਆ ਹੁੰਦਾ ਹੈ, ਜਿਸ ਨੂੰ ਆਮ ਭਾਸ਼ਾ 'ਚ ਸੱਜਾ ਤੇ ਖੱਬਾ ਦਿਮਾਗ ਕਹਿੰਦੇ ਹਨ। ਮਾਹਿਰਾਂ ਦਾ ਕਹਿਣੈ ਕਿ ਇਹ ਦੋਵਾਂ ਵੱਖ-ਵੱਖ ਦਿਮਾਗ ਵੱਖੋ-ਵੱਖਰੀ ਸੋਚ ਦੇ ਸਰੋਤ ਹਨ। ਕੋਈ ਵਿਅਕਤੀ ਕਿਵੇਂ ਸੋਚਦਾ ਹੈ ਜਾਂ ਕਿਵੇਂ ਸਲੂਕ ਕਰਦਾ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਦਿਮਾਗ ਦਾ ਕਿਹੜਾ ਹਿੱਸਾ ਵਧੇਰੇ ਹਾਵੀ ਹੈ।

ਸਿਰਫ ਇਹੀ ਨਹੀਂ ਕੋਈ ਬੱਚਾ ਵੱਡਾ ਹੋ ਕੇ ਕਿਸ ਕੈਰੀਅਰ ਨੂੰ ਚੁਣੇਗਾ, ਇਹ ਕਾਫੀ ਹੱਦ ਤੱਕ ਇਨ੍ਹਾਂ ਹੀ ਦੋ ਹਿੱਸਿਆ 'ਤੇ ਨਿਰਭਰ ਕਰਦਾ ਹੈ। ਜੇਕਰ ਤੁਹਾਡਾ ਬੱਚਾ ਖੱਬੇ ਦਿਮਾਗ ਦੀ ਵਰਤੋਂ ਵਰਦਾ ਹੈ ਤਾਂ ਜ਼ਿਆਦਾ ਸੰਭਾਵਨਾ ਇਹ ਹੈ ਕਿ ਉਹ ਡਾਕਟਰ, ਵਿਗਿਆਨਕ, ਅਕਾਊਂਟੈਂਟ, ਵਕੀਲ ਜਾਂ ਇੰਜੀਨੀਅਰ ਬਣੇ ਅਤੇ ਜੇਕਰ ਉਹ ਸੱਜਾ ਦਿਮਾਗ ਵਰਤਦਾ ਹੈ ਤਾਂ ਰਚਨਾਤਮਕ ਖੇਤਰ 'ਚ ਉਸ ਦੇ ਸਫਲ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਖੱਬੇ ਹਿੱਸੇ 'ਚ ਮੁਖ ਤੌਰ 'ਤੇ ਵਿਸ਼ਲੇਸ਼ਣਾਤਮਕ ਸ਼ਕਤੀਆਂ ਹੁੰਦੀਆਂ ਹਨ, ਜਿਵੇਂ ਬੋਲਣਾ, ਗਣਨਾ ਕਰਨਾ, ਬੌਧਿਕ ਵਿਸ਼ਲੇਸ਼ਣ, ਪੜ੍ਹਨਾ-ਲਿਖਣਾ, ਨਾਮਕਰਨ, ਤਰਤੀਬ, ਮੁਲਾਂਕਣ ਅਤੇ ਤਰਕ। ਸੱਜਾ ਹਿੱਸਾ ਕਲਾਤਮਕ ਅਤੇ ਰਚਨਾਤਮਕ ਨਿਪੁੰਨਤਾ ਲਈ ਜ਼ਿੰਮੇਵਾਰ ਹੁੰਦਾ ਹੈ, ਜਿਵੇਂ ਸੰਗੀਤ, ਤਸਵੀਰਾਂ ਅਤੇ ਰੰਗਾਂ ਨੂੰ ਪਛਾਨਣਾ, ਸਮਝ, ਸਥਾਨਕ ਸਮਰਥਾਵਾਂ, ਅੰਤਰਗਿਆਨ ਅਤੇ ਭਾਵਨਾਵਾਂ ?"

ਇਹ ਕਿਵੇਂ ਪਤਾ ਲਗਾਈਏ ਕਿ ਬੱਚਾ ਰਾਈਟ ਬ੍ਰੇਨ ਹੈ ਜਾਂ ਲੈਫਟ ਬ੍ਰੇਨ ?

ਖੋਜਾਂ ਦੱਸਦੀਆਂ ਹਨ ਕਿ ਸਰੀਰ ਦੇ ਸੱਜੇ ਹਿੱਸੇ ਨੂੰ ਦਿਮਾਗ ਦਾ ਖੱਬਾ ਹਿੱਸਾ ਕੰਟਰੋਲ ਕਰਦਾ ਹੈ ਅਤੇ ਸਰੀਰ ਦੇ ਖੱਬੇ ਹਿੱਸੇ ਨੂੰ ਦਿਮਾਗ ਦਾ ਸੱਜਾ ਹਿੱਸਾ ਕੰਟਰੋਲ ਕਰਦਾ ਹੈ। ਇਸ ਹਿਸਾਬ ਨਾਲ ਜੇਕਰ ਕੋਈ ਵਿਅਕਤੀ ਸੱਜੇ ਹੱਥ ਨਾਲ ਕੰਮ ਕਰਦਾ ਹੈ ਤਾਂ ਉਹ ਖੱਬੇ ਦਿਮਾਗ ਵਾਲ ਹੈ ਅਤੇ ਜੇਕਰ ਉਹ ਖੱਬੇ ਹੱਥ ਨਾਲ ਕੰਮ ਕਰਦਾ ਹੈ ਤਾਂ ਉਹ ਸੱਜੇ ਦਿਮਾਗ ਵਾਲਾ ਹੈ ਪਰ ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਹਰ ਨਿਯਮ ਦੇ ਕੁਝ ਬਦਲ ਹੁੰਦੇ ਹਨ ਤਾਂ ਇਸ ਦੇ ਵੀ ਹਨ। ਇਸ ਦਾ ਮਤਲਬ ਇਹ ਹੈ ਕਿ ਖੱਬੇ ਜਾਂ ਸੱਜੇ ਹੱਥ ਨਾਲ ਕੰਮ ਕਰਨਾ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਉਹ ਵਿਅਕਤੀ ਸੱਜੇ ਦਿਮਾਗ ਵਾਲਾ ਜਾਂ ਖੱਬੇ ਦਿਮਾਗ ਵਾਲਾ ਹੀ ਹੋਵੇਗਾ। ਇਹ ਦੇਖਿਆ ਗਿਆ ਹੈ ਕਿ ਖੱਬੇ ਦਿਮਾਗ ਦੀ ਵਰਤੋਂ ਕਰਨ ਵਾਲੇ ਲੋਕ ਤਰਕਸ਼ੀਲ ਅਤੇ ਵਿਸ਼ਲੇਸ਼ਣਾਤਮਕ ਹੋਣ ਦੇ ਨਾਲ ਹੀ ਜ਼ਿੰਦਗੀ 'ਚ ਪ੍ਰੈਕਟੀਕਲ ਵੀ ਹੁੰਦੇ ਹਨ। ਉਹ ਨਿਯਮਾਂ-ਕਾਇਦਿਆਂ ਮੁਤਾਬਿਕ ਚੱਲਣਾ ਪਸੰਦ ਕਰਦੇ ਹਨ ਅਤੇ ਹਰ ਕੰਮ ਕ੍ਰਮਬੱਧ ਤਰੀਕੇ ਨਾਲ ਬਿਨਾਂ ਜ਼ੋਖਿਮ ਚੁੱਕਿਆਂ ਕਰਦੇ ਹਨ। ਦੂਜੇ ਪਾਸੇ ਸੱਜੇ ਦਿਮਾਗ ਦੇ ਨਾਲ ਸੋਚਣ ਵਾਲੇ ਲੋਕ ਇਕ ਦੂਜੀ ਹੀ ਦੁਨੀਆ 'ਚ ਰਹਿੰਦੇ ਹਨ, ਜੋ ਸਹਿਜ ਗਿਆਨ ਅਤੇ ਕਲਪਨਾਸ਼ੀਲਤਾ ਨਾਲ ਚਲਦੀ ਹੈ। ਅਜਿਹੇ ਲੋਕ ਦਾਰਸ਼ਨਿਕ ਹੁੰਦੇ ਹਨ ਅਤੇ ਜ਼ੋਖਿਮ ਚੁੱਕਣ 'ਚ ਯਕੀਨ ਕਰਦੇ ਹਨ। ਖੱਬੇ ਦਿਮਾਗ ਵਾਲਿਆਂ ਦੇ ਉਲਟ ਸੱਜੇ ਦਿਮਾਗ ਵਾਲੇ ਚੀਜ਼ਾਂ ਨੂੰ ਸੰਪੂਰਨ ਤਰੀਕੇ ਨਾਲ ਦੇਖਦੇ ਹਨ। ਉਨ੍ਹਾਂ ਦੀ ਦਿਲਚਸਪੀ ਪੈਟਰਨ, ਆਕ੍ਰਿਤੀ ਅਤੇ ਆਕਾਰ 'ਚ ਹੁੰਦੀ ਹੈ। ਇਨ੍ਹਾਂ ਲੋਕਾਂ ਦੀ ਦਿਲਚਸਪੀ ਗਾਇਕੀ, ਚਿੱਤਰਕਲਾ ਅਤੇ ਕਾਵਿ ਆਦਿ ਵਰਗੀਆਂ ਕਲਾਵਾਂ 'ਚ ਹੁੰਦੀ ਹੈ ਭਾਵ ਇਹ ਕਲਾਤਮਕ ਰੁਝਾਨ ਵਾਲੇ ਹੁੰਦੇ ਹਨ।

ਖੱਬਾ ਦਿਮਾਗ ਜਾਂ ਸੱਜਾ ਦਿਮਗਾ-ਕਿਹੜਾ ਹੈ ਬੇਹਤਰ ?

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡਾ ਬੱਚਾ ਖੱਬੇ ਦਿਮਾਗ ਦੀ ਵਰਤੋਂ ਕਰਦਾ ਹੈ ਜਾਂ ਸੱਜੇ ਦਿਮਾਗ ਦੀ ਕਿਵੂੰਕਿ ਦਿਮਾਗ ਦੇ ਦੋਵੇਂ ਹੀ ਹਿੱਸੇ ਸਰਗਰਮ ਰਹਿੰਦੇ ਹਨ, ਬਸ ਫਰਕ ਸਿਰਫ ਇੰਨਾ ਹੈ ਕਿ ਇਕ ਹਿੱਸਾ ਵਧੇਰੇ ਫੁਰਤੀਲਾ ਹੁੰਦਾ ਹੈ, ਜੋ ਦੂਜੇ ਦੇ ਪੱਲੜੇ ਨੂੰ ਕੁਝ ਝੁਕਾ ਦਿੰਦਾ ਹੈ ਪਰ ਇਹ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਦੇ ਦਿਮਾਗ ਦੇ ਦੋਵੇਂ ਹਿੱਸੇ ਕੰਮ ਕਰਦੇ ਹੋਣ ਅਤੇ ਇਕ-ਦੂਜੇ ਨਾਲ ਲੈਅ-ਤਾਲ ਮਿਲਾ ਕੇ ਕਿਰਿਆਸ਼ੀਲ ਰਹਿੰਦੇ ਹੋਣ। ਇਹ ਇਸ ਲਈ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਸੰਪੂਰਨ ਦਿਮਾਗ ਦੀ ਵਰਤੋਂ ਕਰਨ ਵਾਲਾ ਵਿਅਕਤੀ ਬਣੇ, ਇਸ ਦੀਆਂ ਸਰਗਰਮੀਆਂ ਦਿਮਾਗ ਦੇ ਕਿਸੇ ਇਕ ਹਿੱਸੇ ਵੱਲ ਕੇਂਦਰਿਤ ਨਾ ਰਹਿ ਜਾਣ। ਇਸ ਤਰ੍ਹਾਂ ਉਹ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਸ਼ਲੇਸ਼ਣਾਤਮਕ ਅਤੇ ਪੂਰਾ ਨਜ਼ਰੀਆ ਅਪਣਾਏਗਾ।

ਦਿਮਾਗ ਦੇ ਸੰਪੂਰਨ ਵਿਕਾਸ ਨੂੰ ਕਿਵੇਂ ਬੇਹਤਰ ਬਣਾਇਆ ਜਾ ਸਕਦਾ ਹੈ ?

ਇਸ ਦੇ ਲਈ ਇਹ ਜ਼ਰੂਰੀ ਹੈ ਕਿ ਦਿਮਾਗ ਦੇ ਦੋਵੇਂ ਹਿੱਸੇ ਮਿਲ ਕੇ ਕੰਮ ਕਰਨ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਅਕਸਰ ਅਜਿਹੀਆਂ ਸਰਗਰਮੀਆਂ 'ਚ ਸ਼ਾਮਲ ਕਰਨ, ਜਿਨ੍ਹਾਂ ਨਾਲ ਸੱਜਾ ਦਿਮਾਗ ਸਰਗਰਮ ਹੋਵੇ ਕਿਉਂਕਿ ਸਕੂਲਾਂ 'ਚ ਬੱਚਿਆਂ ਨੂੰ ਜੋ ਸਿਖਲਾਈ ਦਿੱਤੀ ਜਾਂਦੀ ਹੈ, ਉਸ ਨਾਲ ਖੱਬਾ ਦਿਮਾਗ ਤਾਂ ਤੇਜ਼ ਹੁੰਦਾ ਹੈ ਪਰ ਦਿਮਾਗ ਦਾ ਸੱਜਾ ਹਿੱਸਾ ਪਿੱਛੜ ਜਾਂਦਾ ਹੈ। ਸੱਜੇ ਦਿਮਾਗ ਦੇ ਬਿਹਤਰ ਵਿਕਾਸ ਲਈ ਬੱਚਿਆਂ ਤੋਂ ਰਚਨਾਤਮਕ ਕੰਮ ਕਰਵਾਢ, ਉਨ੍ਹਾਂ ਨੂੰ ਕੋਈ ਭੂਮਿਕਾ ਨਿਭਾਉਣ ਲਈ ਦਿਓ, ਗਾਉਣ, ਪੇਂਟਿੰਗ ਜਾਂ ਕੋਈ ਸਾਜ਼ ਵਜਾਉਣ ਲੀ ਉਤਸ਼ਾਹਿਤ ਕਰੋ ਜਾਂ ਇਸੇ ਕਿਸਮ ਦੀਆਂ ਹੋਰ ਰਚਨਾਤਮਕ ਸਰਗਰਮੀਆਂ 'ਚ ਉਨ੍ਹਾਂ ਨੂੰ ਹਿੱਸਾ ਲੈਣ ਦਿਓ।

ਨਾਲ ਹੀ ਬੱਚਿਆਂ ਦੀ ਖੁਰਾਕ 'ਤੇ ਵੀ ਖਾਸ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਅਜਿਹੀ ਖੁਰਾਕ ਦਿਓ, ਜੋ ਦਿਮਾਗ ਦੇ ਸੰਪੂਰਨ ਵਿਕਾਸ ਲਈ ਜਾਣੀ ਜਾਂਦੀ ਹੋਵੇ, ਜਿਵੇਂ ਗਿਰੀਆਂ (ਬਦਾਮ ਆਦਿ) ਅਤੇ ਜੜ੍ਹੀ-ਬੂਟੀਆਂ (ਬ੍ਰਾਮੀ ਆਦਿ), ਇਨ੍ਹਾਂ ਨੂੰ ਬੱਚਿਆਂ ਨੂੰ ਦਿਨ 'ਚ ਦੋ ਵਾਰ ਖੁਆਓ ਕਿਉਂਕਿ ਇਨ੍ਹਾਂ ਨਾਲ ਦਿਮਾਗ ਦੇ ਦੋਵੇਂ ਹਿੱਸੇ ਸਰਗਰਮ ਹੁੰਦੇ ਹਨ।

ਮਹਾਮਾਰੀ ਬਣਿਆ ਹਾਈ ਬਲੱਡ ਪ੍ਰੈਸ਼ਰ

ਜੀਵਨ ਸ਼ੈਲੀ ਨਾਲ ਸਬੰਧਿਤ ਰੋਗਾਂ 'ਚ ਹਾਈ ਬਲੱਡ ਪ੍ਰੈਸ਼ਰ ਇਕ ਮਹਾਮਾਰੀ ਵਾਂਗ ਫੈਲਦਾ ਜਾ ਰਿਹਾ ਹੈ। ਹਾਈ ਬਲੱਡ ਪ੍ਰੈਸ਼ਰ ਆਪਣੇ ਆਪ 'ਚ ਤਾਂ ਇਕ ਗੰਭੀਰ ਰੋਗ ਹੀ ਹੈ, ਕਈ ਗੰਭੀਰ ਰੋਗਾਂ ਜਿਵੇਂ ਹਾਰਟ ਅਟੈਕ ਅਤੇ ਲਕਵੇ ਦੀ ਸੰਭਾਵਨਾ ਨੂੰ ਵੀ ਵਧਾਉਂਦਾ ਹੈ। ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਹੀ ਨਹੀਂ ਜਿੱਥੇ ਪਹਿਲਾਂ ਹਾਈ ਬਲੱਡ ਪ੍ਰੈਸ਼ਰ 40-45 ਸਾਲ ਦੀ ਉਮਰ ਤੋਂ ਬਾਅਦ ਹੁੰਦਾ ਸੀ, ਉਥੇ ਹੀ ਅੱਜ 30-35 ਸਾਲ ਦੀ ਉਮਰ 'ਚ ਵੀ ਹਾਈ ਬਲੱਡ ਪ੍ਰੈਸ਼ਰ ਰੋਗ ਹੋਣਾ ਆਮ ਗੱਲ ਹੈ।

ਹਾਈ ਬਲੱਡ ਪ੍ਰੈਸ਼ਰ ਦਾ ਸਭ ਤੋਂ ਅਹਿਮ ਕਾਰਨ ਹੈ ਨਮਕ ਦੀ ਵਧੇਰੇ ਮਾਤਰਾ 'ਚ ਵਰਤੋਂ ਕਰਨਾ। ਨਮਕ ਭਾਵ ਸੋਡੀਅਮ ਕਲੋਰਾਈਡ ਦੇ ਰੂਪ 'ਚ ਅਸੀਂ ਆਪਣੀ ਡਾਈਟ 'ਚ ਸੋਡੀਅਮ ਦੀ ਵਰਤੋਂ ਕਰਦੇ ਹਾਂ। ਉਂਝ ਤਾਂ ਸੋਡੀਅਮ ਦੀ ਕੁਝ ਮਾਤਰਾ ਸਰੀਰ ਲਈ ਬੇਹੱਦ ਜ਼ਰੂਰੀ ਹੈ, ਦਿਲ ਦੀ ਧੜਕਨ ਨੂੰ ਸਧਾਰਨ ਬਣਾਈ ਰੱਖਣ 'ਚ ਸਰੀਰ 'ਚ ਪਾਣੀ ਦੇ ਪੱਧਰ ਤੇ ਸੰਤੁਲਨ ਅਤੇ ਮਾਸਪੇਸ਼ੀਆਂ ਦੇ ਸੁੰਗੜਨ 'ਚ ਸੋਡੀਅਮ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।

ਮਾਹਿਰਾਂ ਮੁਤਾਬਿਕ ਰੋਜ਼ਾਨਾ ਸੋਡੀਅਮ ਦੀ 500 ਮਿ. ਗ੍ਰਾ. ਮਾਤਰਾ ਦੀ ਵਰਤੋਂ ਸੁਰੱਖਿਅਤ ਹੈ ਪਰ ਅੱਜਕਲ 'ਸਾਲਟੀ ਫੂਡ' ਦੀ ਵਰਤੋਂ ਵਧੇਰੇ ਕੀਤੀ ਜਾ ਰਹੀ ਹੈ, ਜਿਸ ਕਾਰਨ ਵਿਅਕਤੀ ਵੱਲੋਂ ਨਮਕ ਦੀ ਵਰਤੋਂ ਕਰ ਲਈ ਜਾਂਦੀ ਹੈ। ਅਚਾਰ, ਪਾਪੜ, ਪ੍ਰੋਸੈਸਡ ਫੂਡ ਆਦਿ 'ਚ ਸੋਡੀਅਮ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ।

ਭਾਵੇਂ ਹਾਈ ਬਲੱਡ ਪ੍ਰੈਸ਼ਰ ਦੀ ਗੰਭੀਰਤਾ ਨੂੰ ਜਾਣ ਕੇ ਲਕਾਂ ਨੇ ਭੋਜਨ 'ਚ ਨਮਕ ਦੀ ਮਾਤਰਾ ਘੱਟ ਕਰ ਦਿੱਤੀ ਹੈ, ਫਿਰ ਵੀ ਉਹ ਅਣਜਾਣੇ 'ਚ ਪ੍ਰੋਸੈਸਡ ਫੂਡ, ਵੇਫਰਸ, ਨਮਕੀਨ, ਅਚਾਰ, ਆਦਿ ਦੇ ਰੂਪ 'ਚ ਇਸ ਦੀ ਮਾਤਰਾ ਦੀ ਵਧੇਰੇ ਵਰਤੋਂ ਕਰ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ, ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਦੀ ਵਰਤੋਂ 'ਤੇ ਕੰਟਰੋਲ ਕੀਤਾ ਜਾਵੇ।

ਮਾਹਿਰਾਂ ਮੁਤਾਬਿਕ ਜਿਸ ਵਿਅਕਤੀ ਦਾ ਬਲੱਡ ਪ੍ਰੈਸ਼ਰ ਸਧਾਰਨ ਵੀ ਹੋਵੇ, ਉਸ ਨੂੰ ਨਿਯਮਿਤ ਮਾਤਰਾ 'ਚ ਨਮਕ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜੋ ਵਿਅਕਤੀ ਹਾਈਪਰਟੈਂਸ਼ਨ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਤਾਂ ਨਮਕ ਦੀ ਵਰਤੋਂ 'ਚ ਵਧੇਰੇ ਸਾਵਧਾਨੀ ਵਰਤਣੀ ਚਾਹੀਦੀ ਹੈ। ਪ੍ਰੋਸੈਸਡ ਫੂਡ ਦੇ ਨਿਰਮਾਣ 'ਚ ਤਾਂ ਨਮਕ ਦੀ ਵਧੇਰੇ ਵਰਤੋਂ ਹੁੰਦੀ ਹੈ, ਇਸ ਲਈ ਪ੍ਰੋਸੈਸਡ ਫੂਡ ਦੀ ਵਰਤੋਂ ਨਾ ਕਰੋ। ਭੋਜਨ ਬਣਾਉਣ ਵੇਲੇ ਸੁਆਣੀਆਂ ਨੂੰ ਵੀ ਨਮਕ ਦੀ ਘੱਟ ਮਾਤਰਾ ਵਰਤਣੀ ਚਾਹੀਦੀ ਹੈ।

ਡਾਈਨਿੰਗ ਟੇਬਲ 'ਤੇ ਤਾਂ ਨਮਕ ਬਿਲਕੁਲ ਨਾ ਰੱਖੋ। ਸਲਾਦ 'ਤੇ ਵੀ ਨਮਕ ਦੀ ਥਾਂ ਨਿੰਬੂ ਆਦਿ ਸੋਡੀਅਮ ਰਹਿਤ ਚੀਜ਼ਾਂ ਪਾਓ, ਜੋ ਭੋਜਨ ਨੂੰ ਸੁਆਦ ਵੀ ਦੇਣ ਅਤੇ ਨਮਕ ਦੀ ਮਾਤਰਾ ਦਾ ਅਹਿਸਾਸ ਵੀ ਨਾ ਹੋਣ ਦੇਣ।

ਪਿਛਲੇ ਦਿਨੀਂ ਹੋਈ ਇਕ ਖੋਜ ਮੁਤਾਬਿਕ ਨਮਕ ਦੀ 3 ਗ੍ਰਾਮ ਮਾਤਰਾ ਦੀ ਵੀ ਵਰਤੋਂ ਘੱਟ ਕਰ ਦਿਓ, ਜੋ ਸੁਰੱਖਿਅਤ ਮਾਤਰਾ ਤੋਂ ਪਹਿਲਾਂ ਹੀ ਬਹੁਤ ਜ਼ਿਆਦਾ ਹੈ ਤਾਂ ਹਾਰਟ ਅਟੈਕ ਅਤੇ ਲਕਵੇ ਦੀ ਸੰਭਾਵਨਾ ਨੂੰ ਕਾਫੀ ਘੱਟ ਕਰ ਸਕਦੇ ਹੋ। ਇਸ ਤੋਂ ਇਲਾਵਾ ਹਾਈ ਬਲੱਡ ਪ੍ਰੈਸ਼ਰ ਦੋ ਹੋਰ ਕਾਰਨਾਂ 'ਤੇ ਵੀ ਗੌਰ ਕਰਨਾ ਜ਼ਰੂਰੀ ਹੈ। ਭਾਰ ਨੂੰ ਕੰਟਰੋਲ ਰੱਖੋ। ਸਿਗਰਟਨੋਸ਼ੀ ਵੀ ਹਾਈ ਬਲੱਡ ਪ੍ਰੈਸ਼ਰ ਦਾ ਇਕ ਕਾਰਨ ਹੈ। ਇਸ ਨੂੰ ਵੀ ਤਿਆਗ ਦਿਓ।

ਅਲਕੋਹਲ ਦੀ ਵੀ ਸੀਮਤ ਮਾਤਰਾ 'ਚ ਵਰਤੋਂ ਕਰੋ। ਤਣਾਅ ਨੂੰ ਆਪਣੀ ਜ਼ਿੰਦਗੀ 'ਚ ਕੱਢ ਦਿਓ। ਫਲ ਅਤੇ ਸਬਜ਼ੀਆਂ ਵੱਧ ਤੋਂ ਵੱਧ ਖਾਓ।

ਜੀਵਨ ਸ਼ੈਲੀ 'ਚ ਥੋੜ੍ਹੀ ਜਿਹੀ ਤਬਦੀਲੀ ਲਿਆ ਕੇ ਤੁਸੀਂ ਇਨ੍ਹਾਂ ਗੰਭੀਰ ਰੋਗਾਂ ਤੋਂ ਸੁਰੱਖਿਆ ਪ੍ਰਾਪਤ ਕਰ ਸਕਦੇ ਹੋ। ਤੁਸੀਂ ਆਪ ਤਾਂ ਨਮਕ ਦੀ ਵਰਤੋਂ ਘੱਟ ਕਰੋ ਹੀ, ਆਪਣੇ ਬੱਚਿਆਂ ਨੂੰ ਵੀ ਇਸ ਦੀ ਵਰਤੋਂ 'ਚ ਸਾਵਧਾਨੀ ਵਰਤਣੀ ਸਿਖਾਓ ਤਾਂ ਕਿ ਆਉਣ ਵਾਲੀ ਨਵੀਂ ਪੀੜ੍ਹੀ ਤੰਦਰੁਸਤ ਜੀਵਨ ਸ਼ੈਲੀ ਅਪਣਾਵੇ ਅਤੇ ਮਹਾਮਾਰੀ ਦੇ ਰੂਪ 'ਚ ਫੈਲ ਰਹੇ ਇਸ ਰੋਗ 'ਤੇ ਕੰਟਰੋਲ ਕੀਤਾ ਜ ਸਕੇ।

ਸ਼ਰਾਬ ਨਾਲ ਹੋ ਸਕਦਾ ਹੈ ਮਿਹਦੇ ਦਾ ਕੈਂਸਰ

ਸਭ ਤੋਂ ਪਹਿਲਾਂ ਸ਼ਰਾਬ ਪੀਣੀ ਛੱਡ ਦਿਓ। ਦੇਖਿਆ ਗਿਆ ਹੈ ਕਿ ਜ਼ਿਆਦਾਤਰ ਲੋਕ ਇਨ੍ਹਾਂ ਲੱਛਣਾਂ ਨੂੰ ਗੈਸ ਬਣਨਾ ਜਾਂ ਗੈਸਟ੍ਰਾਈਟਿਸ ਜਾਂ ਅਲਸਰ ਸਮਝ ਲੈਂਦੇ ਹਨ। ਮਿਹਦੇ ਦਾ ਕੈਂਸਰ ਜ਼ਖਮ ਦੇ ਰੂਪ 'ਚ ਮਸ਼ਰੂਮ ਵਾਂਗ ਵੱਧਦਾ ਹੈ ਅਤੇ ਉਹ ਹੌਲੀ ਹੌਲੀ ਮਿਹਦੇ ਦੀ ਥੈਲੀ ਵੱਲ ਵੱਧਦਾ ਹੈ।

ਮਿਹਦੇ ਦੇ ਕੈਂਬਰ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ। ਜੇਕਰ ਗੱਲ ਸ਼ਰਾਬ ਦੀ ਕਰੀਏ ਤਾਂ ਸ਼ਰਾਬ ਪੀਣ ਨਾਲ ਮਿਹਦੇ ਦੇ ਕੈਂਸਰ ਨੂੰ ਬਲ ਮਿਲ ਰਿਹਾ ਹੈ। ਸ਼ਰਾਬ ਨਾਲ ਨਾ ਸਿਰਫ ਸਰੀਰ ਖੋਖਲਾ ਹੁੰਦਾ ਹੈ, ਸਗੋਂ ਇਹ ਕਈ ਭਿਆਨਕ ਰੋਗਾਂ ਨੂੰ ਵੀ ਜਨਮ ਦਿੰਦੀ ਹੈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਅਤੇ ਈਸਟ ਦਿੱਲੀ ਮੈਡੀਕਲ ਸੈਂਟਰ ਦੇ ਸੀਨੀਅਰ ਡਾਕਟਰ ਪ੍ਰਵੀਨ ਗਰਗ ਦਾ ਕਹਿਣਾ ਹੈ ਕਿ ਤੰਬਾਕੂ ਅਤੇ ਸਿਗਰਟਨੋਸ਼ੀ ਨਾਲ ਸਰੀਰ ਦੇ ਵੱਖ-ਵੱਖ ਅੰਗਾਂ 'ਚ ਹੋਣ ਵਾਲ

ਉਮਰ ਭਰ ਦਾ ਪਛਤਾਵਾ/ ਡਾ. ਮਨਜੀਤ ਸਿੰਘ ਬੱਲ

ਮਨੀਸ਼ ਵਰਮਾ ਉਦੋਂ ਅਜੇ ਲੂੰਆਂ ਜਿਹਾ ਮੁੰਡਾ ਸੀਤ ਹੋਊ ਇੱਕੀ-ਬਾਈ ਸਾਲਾਂ ਦਾ। ਕਸਟਮ ਵਿਭਾਗ ਵਿੱਚ ਇੰਸਪੈਕਟਰ ਦੀ ਨੌਕਰੀ ਮਿਲ ਗਈ ਤੇ ਟ੍ਰੇਨਿੰਗ ਤੋਂ ਬਾਅਦ ਡਿਊਟੀ ਸਿੱਧੀ ਵਾਹਗਾ ਬਾਰਡਰ 'ਤੇ। ਬੜਾ ਖ਼ੁਸ਼ ਸੀ ਮਨੀਸ਼। ਗੋਰਾ ਨਿਛੋਹ ਰੰਗ, ਛਮਕ ਜਿਹਾ ਪਤਲਾ ਪਰ ਸਖ਼ਤ ਸਰੀਰ, ਚੁਸਤ-ਫੁਰਤ, ਭੂਰੀਆਂ ਤੇ ਸ਼ਰਾਰਤੀ ਅੱਖਾਂ। ਪਰ ਨਵਾਂ ਹੋਣ ਕਰਕੇ ਮਨੀਸ਼ ਦੇ ਵਰਤਾਰੇ 'ਚੋਂ ਭੋਲਾਪਣ ਲੋੜ ਤੋਂ ਵੱਧ ਝਲਕਦਾ ਸੀ।

"ਡਿਊਟੀ ਤੋਂ ਕੁਤਾਹੀ ਬਿਲਕੁਲ ਨਹੀਂ ਕਰਨੀ, ਨਹੀਂ ਤਾਂ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਵਿੱਚ ਹੀ ਬਦਨਾਮ ਹੋ ਜਾਓਗੇ, ਨੌਕਰੀ ਤੋਂ ਬਰਖ਼ਾਸਤ ਹੋ ਜਾਓਗੇ, ਇਸ ਲਈ ਬੜੇ ਹੀ ਧਿਆਨ ਨਾਲ ਕੰਮ ਕਰਨਾ ਹੈ।" ਟ੍ਰੇਨਿੰਗ ਦੀ ਸਮਾਪਤੀ ਵੇਲੇ ਇੱਕ ਸੀਨੀਅਰ ਦੀ ਨਸੀਹਤ ਹਮੇਸ਼ਾਂ ਉਹਦੇ ਦਿਲੋ-ਦਿਮਾਗ਼ 'ਤੇ ਛਾਈ ਰਹਿੰਦੀ ਸੀ। ਸਮਾਂ ਦੌੜ ਰਿਹਾ ਸੀ। ਰੋਜ਼ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਭਾਰਤ-ਪਕਿਸਤਾਨ ਦਰਮਿਆਨ ਰੋਜ਼ਾਨਾ ਚੱਲਣ ਵਾਲੀ ਅੰਮ੍ਰਿਤਸਰ-ਲਾਹੌਰ ਸਮਝੌਤਾ ਐਕਸਪ੍ਰੈਸ ਫੜਨੀ, ਹੱਥ ਵਿੱਚ ਬੈਗ ਤੇ ਬੈਗ ਵਿੱਚ ਵਰਦੀ, ਵਾਹਗੇ ਜਾ ਕੇ ਵਰਦੀ ਪਹਿਨਣੀ, ਡਿਊਟੀ ਕਰਨੀ ਤੇ ਸ਼ਾਮ ਨੂੰ ਸਰਕਾਰੀ ਬੱਸ 'ਤੇ ਵਾਪਸ ਅੰਮ੍ਰਿਤਸਰ, ਇਹੀ ਰੁਟੀਨ ਸੀ ਮੁਨੀਸ਼ ਦਾ। ਰੋਜ਼ ਵੰਨ-ਸੁਵੰਨੇ ਲੋਕ ਮਿਲਦੇ ਸਨ, ਪਾਕਿਸਤਾਨ ਨੂੰ ਜਾ ਰਹੇ ਭਾਰਤੀ ਤੇ ਆਪਣੇ ਕਾਰੋਬਾਰ ਕਰਕੇ ਜਾਂ ਰਿਸ਼ਤੇਦਾਰਾਂ ਨੂੰ ਮਿਲ ਕੇ ਵਾਪਸ ਪਰਤ ਰਹੇ ਪਾਕਿਸਤਾਨੀ, ਜਿਨ੍ਹਾਂ ਵਿੱਚ ਮਰਦ, ਔਰਤਾਂ, ਬੱਚੇ, ਬਜ਼ੁਰਗ, ਜਵਾਨ ਮੁੰਡੇ ਤੇ ਕੁੜੀਆਂ ਹੁੰਦੇ ਸਨ। ਪਾਕਿਸਤਾਨ ਦੀਆਂ ਕਈ ਔਰਤਾਂ ਬੁਰਕਿਆਂ ਵਿੱਚ ਹੁੰਦੀਆਂ ਸਨ। ਰੇਲਗੱਡੀ ਵਿੱਚ ਬੈਠੇ ਕਈ ਬਜ਼ੁਰਗ ਨਮਾਜ਼ ਪੜ੍ਹਨ ਲੱਗਦੇ, ਇਬਾਦਤ ਕਰਦੇ ਤੇ ਮੌਲਾ ਅੱਗੇ ਦੁਆ ਕਰਦੇ ਕਿ ਐ ਖ਼ੁਦਾ ਸਾਨੂੰ ਦੁਬਾਰਾ ਮਿਲਾਵੀਂ। ਕਈ ਲੋਕ ਦੋਵਾਂ ਮੁਲਕਾਂ ਨੂੰ ਇੱਕ ਵਾਰ ਫੇਰ ਜੋੜਨ ਦੀਆਂ ਦੁਆਵਾਂ ਵੀ ਕਰਦੇ ਸਨ ਤਾਂ ਕਿ ਆਪਣੇ ਅਜ਼ੀਜ਼ਾਂ ਕੋਲ ਰਹਿ ਸਕਣ, ਪਾਸਪੋਰਟਾਂ ਤੇ ਵੀਜ਼ਿਆਂ ਦੇ ਚੱਕਰਾਂ ਵਿੱਚ ਨਾ ਪੈਣਾ ਪਵੇ।

ਦੋਵਾਂ ਦੇਸ਼ਾਂ ਦਰਮਿਆਨ ਹਿੰਦੋਸਤਾਨ ਦੀ ਵੰਡ ਤੋਂ ਬਾਅਦ ਤੋਂ ਹੀ ਕੜਵਾਹਟ ਹੈ ਤੇ ਦੁਸ਼ਮਣੀ ਵਾਲੇ ਅਨੁਭਵ ਹਨ। ਕਈ ਜੰਗਾਂ ਹੋ ਚੁੱਕੀਆਂ ਹਨ। ਫਿਰ ਵੀ ਦੋਵਾਂ ਦੇਸ਼ਾਂ ਦੇ ਬਾਸ਼ਿੰਦਿਆਂ ਦਰਮਿਆਨ ਖ਼ੂਨ ਦੀਆਂ ਰਿਸ਼ਤੇਦਾਰੀਆਂ ਹਨ। ਜਦ ਵੀ ਇਹ ਇੱਕ-ਦੂਜੇ ਦੇ ਦੇਸ਼ ਜਾਂਦੇ ਹਨ ਤਾਂ ਬੜੇ ਜੋਸ਼-ਓ-ਖ਼ਰੋਸ਼ ਨਾਲ ਮਿਲਦੇ ਤੇ ਇਸਤਿਕਬਾਲ ਕਰਦੇ ਹਨ। ਦੋਵਾਂ ਪਾਸਿਆਂ ਦੇ ਲੋਕਾਂ ਵਿੱਚ ਕਈ ਸਾਂਝਾਂ ਹਨ ਜਿਵੇਂ ਨੈਣ-ਨਕਸ਼, ਰੂਪ-ਰੰਗ, ਕੁਝ ਆਦਤਾਂ, ਸੰਗੀਤ, ਬੋਲੀ ਤੇ ਗਾਲ੍ਹਾਂ।

ਗੂੜ੍ਹੇ ਭੂਰੇ ਰੰਗ ਦੀ ਪੈਂਟ ਤੇ ਹਲਕੀ-ਗੁਲਾਬੀ ਪਲੇਨ ਕਮੀਜ਼ ਵਿੱਚ ਮਨੀਸ਼ ਦਾ ਗੋਰਾ ਰੰਗ, ਅੱਜ ਹੋਰ ਵੀ ਗੁਲਾਬੀ ਭਾਹ ਮਾਰ ਰਿਹਾ ਸੀ। ਤਿੱਖੇ ਨੈਣ-ਨਕਸ਼, ਛੋਟੀਆਂ-ਛੋਟੀਆਂ ਮੁੱਛਾਂ, ਲੰਮਾ ਕੱਦ, ਸਾਦਗੀ ਤੇ ਭੋਲਾ-ਭਾਲਾ ਚਿਹਰਾ, ਬਹੁਤ ਆਕਰਸ਼ਕ ਲੱਗ ਰਿਹਾ ਸੀ। ਪਲੇਟਫਾਰਮ 'ਤੇ ਗੱਡੀ ਕੋਲ ਖੜ੍ਹੇ ਕਿਸੇ ਸੋਚ ਵਿੱਚ ਡੁੱਬੇ ਮਨੀਸ਼ ਨੂੰ ਪਤਾ ਹੀ ਨਾ ਲੱਗਾ ਕਿ ਗੱਡੀ ਤੁਰ ਪਈ ਹੈ। ਉਹਦੇ ਨਾਲ ਦੇ ਬਾਕੀ ਇੰਸਪੈਕਟਰ ਗੱਡੀ ਵਿੱਚ ਸਵਾਰ ਹੋ ਚੁੱਕੇ ਸਨ। ਚਲਦੀ ਗੱਡੀ ਵਿੱਚ ਜਿਹੜਾ ਵੀ ਡੱਬਾ ਸਾਹਮਣੇ ਸੀ, ਉਹ ਉਸੇ ਵਿੱਚ ਵੜ ਗਿਆ। ਸਮਝੌਤਾ ਐਕਸਪ੍ਰੈਸ ਵਿੱਚ ਜ਼ਿਆਦਾ ਭੀੜ ਨਹੀਂ ਹੁੰਦੀ। ਏਸ ਡੱਬੇ ਵਿੱਚ ਆਹਮਣੇ-ਸਾਹਮਣੇ ਬੈਠਣ ਵਾਲੀਆਂ ਸਿੰਗਲ ਸੀਟਾਂ 'ਚੋਂ ਇੱਕ ਖਾਲੀ ਸੀਟ 'ਤੇ ਬੈਠਣ ਲਈ ਉਸ ਨੇ ਵਰਦੀ ਵਾਲਾ ਬੈਗ, ਜਿਹਦੇ 'ਤੇ 'ਇੰਡੀਅਨ ਕਸਟਮਜ਼' ਲਿਖਿਆ ਹੋਇਆ ਸੀ, ਆਪਣੇ ਪੱਟਾਂ 'ਤੇ ਰੱਖ ਲਿਆ ਤੇ ਆਰਾਮ ਨਾਲ ਸੀਟ 'ਤੇ ਬੈਠ ਗਿਆ। ਸਾਹਮਣੇ ਵਾਲੀ ਸਿੰਗਲ ਸੀਟ 'ਤੇ ਬੁਰਕੇ ਵਾਲੀ ਇੱਕ ਲੜਕੀ ਬੈਠੀ ਸੀ ਜਿਸ ਦੀਆਂ ਸਿਰਫ਼ ਅੱਖਾਂ ਹੀ ਨੰਗੀਆਂ ਸਨ। ਉਹਦੇ ਵੱਲ ਬਿਨਾਂ ਕੋਈ ਤਵੱਜੋ ਦਿੱਤੇ ਮਨੀਸ਼ ਖਿੜਕੀ 'ਚੋਂ ਬਾਹਰ ਝਾਕਣ ਲੱਗਾ। ਕੁਝ ਹੀ ਪਲਾਂ ਬਾਅਦ ਉਹ ਆਪਣਾ ਬੈਗ ਉੱਪਰ ਰੱਖਣ ਲਈ ਉੱਠਿਆ। ਆਪਣਾ ਬੈਗ ਰੱਖ ਕੇ ਤੇ ਉਸ ਲੜਕੀ ਦੇ ਉਪਰ ਕੋਰੇ ਕੱਪੜੇ ਦੀ ਇੱਕ ਗਠੜੀ ਪਈ ਵੇਖ ਕੇ ਉਹ ਸੀਟ 'ਤੇ ਬੈਠ ਗਿਆ। ਉਸ ਦੀ 'ਕਸਟਮਜ਼ ਤੱਕਣੀ' ਨੇ ਅੰਦਾਜ਼ਾ ਲਾਇਆ ਕਿ ਸ਼ਾਇਦ ਇਹ ਗਠੜੀ ਉਸੇ ਔਰਤ ਦੀ ਹੋਵੇਗੀ। ਬੁਰਕੇ 'ਚੋਂ ਝਾਕਦੀਆਂ ਅੱਖਾਂ ਸਭ ਕੁਝ ਵਾਚ ਰਹੀਆਂ ਸਨ।

ਗੱਡੀ ਛੇਹਰਟਾ ਸਟੇਸ਼ਨ ਲੰਘ ਗਈ ਸੀ। ਬਿਲਕੁਲ ਸਾਹਮਣੇ ਤੇ ਬਹੁਤ ਨਜ਼ਦੀਕ ਬੈਠੀ ਹੋਣ ਕਰਕੇ ਉਸ ਕੁੜੀ 'ਤੇ ਮਨੀਸ਼ ਦੀ ਨਜ਼ਰ ਕਈ ਵਾਰ ਪਈ ਪਰ ਉਹਨੇ ਕੋਈ ਅਹਿਮੀਅਤ ਨਾ ਦਿੱਤੀ। ਉਂਜ ਉਹਦੀਆਂ ਅੱਖਾਂ ਬਹੁਤ ਸੰਦਰ ਲੱਗ ਰਹੀਆਂ ਸਨ। ਡਿਊਟੀ 'ਤੇ ਪੁੱਜਣ ਦੀ ਧੁਨ ਵਿੱਚ ਉਹਨੂੰ ਇੱਕ ਵਾਰ ਵੀ ਇਹ ਖਿਆਲ ਨਾ ਆਇਆ ਕਿ 'ਰੁਖ ਸੇ ਜ਼ਰਾ ਨਕਾਬ ਹਟਾ ਦੋ ਮੇਰੇ ਹਜ਼ੂਰ, ਜਲਵਾ ਤੋਂ ਏਕ ਬਾਰ ਦਿਖਾ ਦੋ ਮੇਰੇ ਹਜ਼ੂਰੜ'। ਪਰ ਬੁਰਕੇ 'ਚੋਂ ਝਾਤੀ ਮਾਰਦੀਆਂ ਅੱਖਾਂ ਵਾਲੀ ਉਸ 25-26 ਸਾਲਾਂ ਦੀ ਕੁੜੀ, ਜਿਸ ਨੂੰ ਮਨੀਸ਼ ਅਣਗੌਲਿਆਂ ਕਰਕੇ ਔਰਤ ਸਮਝ ਰਿਹਾ ਸੀ, ਅੰਦਰ ਕੀ ਚੱਲ ਰਿਹਾ ਸੀ ਇਹ ਤਾਂ ਉਹੀ ਜਾਣਦੀ ਸੀ ਜੋ ਇਸ ਨੌਜਵਾਨ ਦੀ ਸ਼ਖ਼ਸੀਅਤ ਤੋਂ ਮੁਤਾਸਰ ਹੋ ਕੇ ਉਹਦੇ 'ਤੇ ਫਿਦਾ ਹੋ ਰਹੀ ਸੀ। ਉਸ ਨੂੰ ਪਤਾ ਸੀ ਕਿ ਉਹ ਸਿਰਫ਼ 15-20 ਮਿੰਟਾਂ ਦੇ ਹੀ ਹਮਸਫ਼ਰ ਹਨ।

ਅਚਾਨਕ ਨਕਾਬ ਹਟ ਗਿਆ ਤੇ ਉਹਦੇ ਚਿਹਰੇ ਦਾ ਹੁਸਨ ਜਲਵਾਗਰ ਹੋ ਗਿਆ। ਆਪਣੇ ਸਾਹਮਣੇ ਤੇ ਇੰਨੇ ਕਰੀਬ ਇਸ ਹੁਸਨ ਦੇ ਜਲਵੇ ਨੂੰ ਮਨੀਸ਼ ਹੁਣ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦਾ, ਉਂਜ ਉਹਦਾ ਧਿਆਨ ਆਪਣੀ ਡਿਊਟੀ ਵੱਲ ਸੀ। ਗੂੜ੍ਹੇ ਕਾਲੇ ਬੁਰਕੇ 'ਚ ਲਪੇਟੀ ਹੋਈ ਉਸ ਮਟਿਆਰ ਦੀਆਂ ਅੱਖਾਂ ਵਿੱਚ ਹਲਕੀ ਕਜਲੇ ਦੀ ਧਾਰ, ਸਾਦਾ ਜਿਹਾ ਮੇਕਅੱਪ ਤੇ ਹਯਾ ਝਲਕ ਰਹੀ ਸੀ, ਉਹਦਾ ਬੇਨਕਾਬ ਚਿਹਰਾ ਅੱਗ ਵਾਂਗ ਭਖ ਰਿਹਾ ਸੀ।

"ਤੁਸੀਂ ਕਸਟਮ ਵਿੱਚ ਹੋਤ ?" ਉਹਦੇ ਮੂੰਹੋਂ ਇਕਦਮ ਨਿਕਲ ਗਿਆ। ਮਨੀਸ਼ ਨੂੰ ਮੁਖ਼ਾਤਬ ਹੋ ਕੇ ਉਹ ਪੰਜਾਬੀ ਵਿੱਚ ਬੋਲੀ। ਸ਼ਾਇਦ ਉਹ ਆਪਣੇ ਆਪ ਨੂੰ ਰੋਕ ਨਹੀਂ ਸੀ ਸਕੀ। ਹੁਣ ਤੱਕ ਮਨੀਸ਼ ਵੀ ਉਸ ਦੇ ਜਲਵੇ ਦੇ ਵਲਗਣ ਵਿੱਚ ਆ ਚੁੱਕਾ ਸੀ, ਉਹਦਾ ਮੂੰਹ ਹੋਰ ਲਾਲ ਹੋ ਗਿਆ।

"ਹਾਂ, ਮੈਂ ਡਿਊਟੀ 'ਤੇ ਹੀ ਹਾਂ, ਵਾਹਗਾ ਬਾਰਡਰ 'ਤੇ ਤ।" ਉਮਰ ਦੇ ਤਕਾਜ਼ੇ ਮੁਤਾਬਕ ਭਾਵੇਂ ਉਹ ਕੁਝ ਗੱਲਾਂ ਕਰਦਾ ਪਰ 10-15 ਮਿੰਟ ਦੇ ਇਸ ਸਫ਼ਰ ਵਿੱਚ ਉਹ ਵਧੇਰੇ ਗੁਫ਼ਤਗੂ ਤੋਂ ਬਚਣਾ ਚਾਹੁੰਦਾ ਸੀ। ਗੱਡੀ ਘਰਿੰਡੇ ਸਟੇਸ਼ਨ ਤੋਂ ਅੱਗੇ ਚੱਲ ਰਹੀ ਸੀ ਪਰ ਸਿਗਨਲ ਨਾ ਮਿਲਣ ਕਰਕੇ ਉਨ੍ਹਾਂ ਨੂੰ ਹਮਸਫ਼ਰ ਦੇ ਤੌਰ 'ਤੇ ਦੋ-ਤਿੰਨ ਮਿੰਟ ਹੋਰ ਮਿਲ ਗਏ।

"ਮੈਂਤ ਲਾਹੌਰ ਦੇ ਗੁਲਬਰਗ ਇਲਾਕੇ ਦੀ ਰਹਿਣ ਵਾਲੀ ਸ਼ਾਜ਼ੀਆ ਹਾਂ, ਤੁਹਾਡੀ ਪ੍ਰਸਨੈਲਿਟੀ ਤੋਂ ਮੈਂ ਬੇਹੱਦ ਮੁਤਾਸਰ ਹੋਈ ਹਾਂ।" ਕੁੜੀ ਨੇ ਸੰਖੇਪ ਜਾਣ-ਪਛਾਣ ਕਰਾਈ। ਮਨੀਸ਼ ਆਪਣੇ-ਆਪ ਨੂੰ ਬੜੇ ਸੰਜਮ ਵਿੱਚ ਰੱਖ ਰਿਹਾ ਸੀ। ਉਹਨੂੰ ਪਤਾ ਸੀ ਕਿ ਹੁਣ ਸਿਰਫ਼ 9-10 ਮਿੰਟਾਂ ਦਾ ਹੀ ਸਫ਼ਰ ਬਾਕੀ ਹੈ। ਕੁੜੀ ਨੇ ਖਲੋ ਕੇ ਉਪਰ ਰੱਖੀ ਗਠੜੀ ਵੱਲ ਨਜ਼ਰ ਮਾਰੀ ਜਾਂ ਕਹਿ ਲਓ ਕਿ ਆਪਣਾ ਕੱਦ-ਕਾਠ ਵਿਖਾਉਣ ਲਈ ਖੜ੍ਹੀ ਹੋਈ ਹੋਵੇਗੀ। ਮਨੀਸ਼ ਭਾਂਪ ਗਿਆ ਕਿ ਉਪਰ ਵਾਲਾ ਸਾਮਾਨ ਇਹਦਾ ਹੀ ਹੈ। ਉਹਨੂੰ ਅਹਿਸਾਸ ਹੋ ਗਿਆ ਕਿ ਲੰਮੇ ਕੱਦ, ਮਿੱਠੀ ਬੋਲੀ ਤੇ ਖ਼ੂਬਸੂਰਤੀ ਦੀ ਮੂਰਤ ਉਹ ਕੁੜੀ ਸ਼ਾਇਦ ਸਾਲ ਦੋ ਸਾਲ ਉਹਦੇ ਤੋਂ ਵੱਡੀ ਹੋਵੇਗੀ। ਕਸਟਮ ਇੰਸਪੈਕਟਰ ਨੇ ਵੀ ਖੜ੍ਹੇ ਹੋ ਕੇ ਉਪਰ ਰੱਖੇ ਆਪਣੇ ਬੈਗ ਨੂੰ ਵੇਖਣ ਦੇ ਬਹਾਨੇ ਉਹਦੇ ਸਾਮਾਨ ਵੱਲ ਨਜ਼ਰ ਮਾਰ ਲਈ। ਸੋਚਣ ਲੱਗਾ ਕਿ ਇਹਦੇ ਕੋਲ ਕਸਟਮ ਦੇ ਹਿਸਾਬ ਨਾਲ ਕੁਝ ਇਤਰਾਜ਼ਯੋਗ ਸਾਮਾਨ ਹੋਵੇਗਾ। ਸ਼ਾਇਦ ਇਸੇ ਕਰਕੇ ਮੈਨੂੰ ਆਪਣੇ ਵੱਲ ਆਕਰਸ਼ਤ ਕਰ ਰਹੀ ਹੈ। ਭਾਵੇਂ ਤੇਜ਼ੀ ਨਾਲ ਗੁਜ਼ਰ ਰਹੇ ਵਕਤ ਬਾਰੇ ਉਸ ਨੂੰ ਪਤਾ ਸੀ ਫਿਰ ਵੀ ਹਮਉਮਰ ਹੋਣ ਕਾਰਨ ਉਸ ਨੇ ਸ਼ਾਜ਼ੀਆ ਨੂੰ ਜੁਆਬ ਵਿੱਚ ਕੁਝ ਨਾ ਕੁਝ ਕਹਿਣ ਦੀ ਲੋੜ ਮਹਿਸੂਸ ਕੀਤੀ, "ਸ਼ਾਜ਼ੀਆ ਜੀ, ਤੁਹਾਡੀ ਆਵਾਜ਼ ਤੇ ਬੋਲੀ ਬੜੀ ਮਿੱਠੀ ਹੈ।" ਮਨੀਸ਼ ਉਸ ਨੂੰ ਅਹਿਸਾਸ ਕਰਵਾਉਣਾ ਚਾਹੁੰਦਾ ਸੀ ਕਿ ਉਸ ਵੱਲੋਂ ਕੀਤੀ ਪਹਿਲ ਨੂੰ ਉਸ ਨੇ ਨਕਾਰਿਆ ਨਹੀਂ।

"ਤੁਹਾਡੇ ਕੋਲ ਕਾਫ਼ੀ ਸਾਮਾਨ ਲੱਗਦੈ ?" ਨਾਲੋ-ਨਾਲ ਉਹ ਆਪਣੀ ਡਿਊਟੀ ਵੀ ਨਿਭਾ ਰਿਹਾ ਸੀ, "ਕੀ ਕੁਝ ਐ ਉਸ ਗਠੜੀ ਵਿੱਚ ?"

"ਕੁਝ ਖ਼ਾਸ ਨਹੀਂ, ਕੁਝ ਲਹਿੰਗੇ ਨੇ , ਉਂਜ ਹਨ ਤਾਂ ਮਹਿੰਗੇ, ਕੱਲ੍ਹ ਅੰਮ੍ਰਿਤਸਰ ਦੀ ਕਟੜਾ ਜੈਮਲ ਸਿੰਘ ਮਾਰਕੀਟ 'ਚੋਂ ਖਰੀਦੇ ਸਨ।"

ਮਨੀਸ਼ ਨੂੰ ਦਿਖਾਉਣ ਲਈ ਸ਼ਾਜ਼ੀਆ ਨੇ ਦੁਬਾਰਾ ਖੜ੍ਹੇ ਹੋ ਕੇ ਆਪਣੀ ਲੰਮੀ ਵੀਣੀ ਨਾਲ ਉਪਰ ਪਈ ਗਠੜੀ 'ਚੋਂ ਇੱਕ ਲਹਿੰਗਾ ਖਿੱਚ ਲਿਆ ਤੇ ਸੀਟ 'ਤੇ ਬੈਠ ਕੇ ਦੋਵਾਂ ਹੱਥਾਂ ਨਾਲ ਉਸ ਵੱਲ ਨੂੰ ਵਧਾ ਕੇ ਲਹਿੰਗਾ ਵਿਖਾਉਣ ਲੱਗੀ। ਮਨੀਸ਼ ਦੇ ਹੱਥ ਸ਼ਾਜ਼ੀਆ ਦੇ ਹੱਥਾਂ ਦੇ ਸਪਰਸ਼ ਵਿੱਚ ਆਏ ਤਾਂ ਦੋਵੇਂ ਪਾਸੇ ਜਿਵੇਂ ਬਿਜਲੀ ਦਾ ਕਰੰਟ ਦੌੜ ਗਿਆ ਹੋਵੇ।

"ਇਹ ਲਹਿੰਗਾ ਵਾਕਿਆ ਹੀ ਬੜਾ ਮਹਿੰਗਾ ਏ।" ਮਨੀਸ਼ ਨੇ ਸੰਭਲਦੇ ਹੋਏ ਦਿਲੋਂ ਤਾਰੀਫ਼ ਕੀਤੀ। ਉਹਦੇ 'ਤੇ ਗੁਲਾਨਾਰੀ, ਪੀਲੇ, ਲਾਲ, ਕਾਸ਼ਨੀ ਤੇ ਵਿੱਚ ਵਿੱਚ ਹਰੇ ਰੰਗ ਦਾ ਸਿੱਪੀ, ਮੋਤੀ ਤੇ ਤਿੱਲੇ ਦਾ ਵਰਕ ਕੀਤਾ ਹੋਇਆ ਸੀ।

"ਕਿੰਨੇ ਕੁ ਦਾ ਹੋਏਗਾ ਇਹ ਇੱਕ ਲਹਿੰਗਾ ? ਤੇ ਤੁਸੀਂ ਕਿੰਨੇ ਲਹਿੰਗੇ ਲੈ ਕੇ ਜਾ ਰਹੇ ਹੋ ?" ਧੀਮੀ ਹੋ ਰਹੀ ਗੱਡੀ ਦੀ ਖਿੜਕੀ ਤੋਂ ਬਾਹਰ ਨੂੰ ਤੇ ਘੜੀ ਵੱਲ ਵੇਖਦਾ ਹੋਇਆ ਸ਼ਰਮਾਹਟ ਵਾਲੇ ਅੰਦਾਜ਼ ਵਿੱਚ ਡਿਊਟੀ ਦਾ ਧਿਆਨ ਰੱਖਦਾ ਮਨੀਸ਼ ਬੋਲਿਆ। ਸਫ਼ਰ ਸਿਰਫ਼ ਦੋ-ਤਿੰਨ ਮਿੰਟ ਦਾ ਹੀ ਬਾਕੀ ਸੀ। "ਪੰਜਾਹ ਤੋਂ ਸੱਠ ਹਜ਼ਾਰ ਦਾ ਏ ਇੱਕ ਲਹਿੰਗਾ ਤੇ ਮੈਂ ਸਿਰਫ਼ ਪੰਦਰਾਂ ਖਰੀਦ ਕੇ ਲਿਜਾ ਰਹੀ ਆਂ। ਮੇਰੀ ਮਾਸੀ ਦੀ ਕੁੜੀ ਦਾ ਨਿਕਾਹ ਏ ਅਗਲੇ ਮਹੀਨੇ। ਸਭ ਭੈਣਾਂ, ਭਾਬੀਆਂ ਤੇ ਸਹੇਲੀਆਂ ਵਾਸਤੇ ਖਰੀਦ ਲਏ ਨੇ।" ਸਮੇਂ ਦੀ ਕਮੀ ਕਾਰਨ ਉਹ ਇੱਕੋ ਸਾਹੇ ਸਾਰਾ ਕੁਝ ਦੱਸ ਰਹੀ ਸੀ, "ਤੁਹਾਨੂੰ ਤਾਂ ਪਤਾ ਹੀ ਹੈਤ ਇਹੋ ਜਿਹਾ ਵਰਕ ਜਾਂ ਤਾਂ ਅੰਮ੍ਰਿਤਸਰ ਤੇ ਜਾਂ ਸੁਣਿਐ ਪਟਿਆਲੇ ਮਿਲਦਾ ਏ।"

"ਵਾਕਿਆ ਈ, ਇਹ ਤੁਹਾਡੇ ਵਾਂਗ ਬਹੁਤ ਹੀ ਖ਼ੂਬਸੂਰਤ ਹੈ।" ਗੱਡੀ ਦੀ ਘਟਦੀ ਰਫ਼ਤਾਰ ਤੋਂ ਪਤਾ ਲੱਗ ਰਿਹਾ ਸੀ ਕਿ ਅਟਾਰੀ ਸਟੇਸ਼ਨ ਦਾ ਪਲੇਟਫਾਰਮ ਨੇੜੇ ਆ ਰਿਹਾ ਹੈ।

"ਤੁਸੀਂ ਕਸਟਮ ਵਿੱਚ ਹੋ। ਇਹ ਨਾ ਸਮਝਣਾ ਕਿ ਮੈਂ ਤੁਹਾਥੋਂ ਕੋਈ ਮਦਦ ਚਾਹੁੰਦੀ ਹਾਂ। ਮੈਂ ਤਾਂ ਤੁਹਾਡੇ ਸੁਹੱਪਣ ਤੇ ਸ਼ਖ਼ਸੀਅਤ 'ਤੇ ਫਿਦਾ ਹਾਂ।" ਆਪਣਾ ਵਿਜ਼ਿਟਿੰਗ ਕਾਰਡ ਫੜਾਉਂਦਿਆਂ ਬੋਲੀ, "ਤੁਸੀਂ ਲਾਹੌਰ ਆਓ ਤਾਂ ਮੈਨੂੰ ਯਾਦ ਕਰਨਾ। ਮੈਂ ਤੁਹਾਡੇ ਪੈਰਾਂ ਹੇਠ ਆਪਣੀਆਂ ਹਥੇਲੀਆਂ ਵਿਛਾ ਦੇਵਾਂਗੀ।"

ਗੱਡੀ ਪਲੇਟਫਾਰਮ 'ਤੇ ਖੜ੍ਹ ਗਈ। ਆਪਣਾ ਬੈਗ ਚੁੱਕਣ ਤੋਂ ਪਹਿਲਾਂ ਮਨੀਸ਼ ਨੇ ਸ਼ਾਜ਼ੀਆ ਦੀ ਲਹਿੰਗਿਆਂ ਵਾਲੀ ਗਠੜੀ ਲਾਹ ਕੇ ਉਸ ਨੂੰ ਫੜਾਈ ਤੇ ਸੋਚਾਂ ਵਿੱਚ ਗੁਆਚਾ ਆਪਣਾ ਵਰਦੀ ਵਾਲਾ ਬੈਗ ਚੁੱਕ ਕੇ ਇਸ ਉਮੀਦ ਨਾਲ ਗੱਡੀਓਂ ਉਤਰ ਗਿਆ ਕਿ ਕੁਝ ਹੀ ਪਲਾਂ ਬਾਅਦ ਸਾਮਾਨ ਚੈੱਕ ਕਰਵਾਉਣ ਵੇਲੇ ਸ਼ਾਜ਼ੀਆ ਉਹਨੂੰ ਫੇਰ ਮਿਲੇਗੀ ਤੇ ਬਿਨਾਂ ਵੇਖਿਆਂ ਉਹ ਲਹਿੰਗਿਆਂ ਵਾਲੀ ਗਠੜੀ ਕਲੀਅਰ ਕਰ ਦੇਵੇਗਾ।

ਸੀਟ ਹੇਠਾਂ ਰੱਖਿਆ ਆਪਣਾ ਵੱਡਾ ਅਟੈਚੀ ਤੇ ਲਹਿੰਗਿਆਂ ਵਾਲੀ ਗਠੜੀ ਕੁਲੀ ਨੂੰ ਚੁਕਾ ਕੇ ਸ਼ਾਜ਼ੀਆ ਵੀ ਗੱਡੀ ਤੋਂ ਉਤਰ ਗਈ। ਉਹਦੇ ਦਿਲੋ-ਦਿਮਾਗ਼ 'ਤੇ ਮਨੀਸ਼ ਦਾ ਕਬਜ਼ਾ ਸੀ ਪਰ ਥੋੜ੍ਹੀ ਜਿਹੀ ਚਿੰਤਾ ਕਸਟਮ ਚੈਕਿੰਗ ਦੌਰਾਨ ਮਹਿੰਗੇ ਤੇ ਚੁਣ ਚੁਣ ਕੇ ਖਰੀਦੇ ਮਨਪਸੰਦ ਲਹਿੰਗਿਆਂ ਦੀ ਵੀ ਸੀ। ਪਤਾ ਨਹੀਂ ਕਿਉਂ ਉਹਨੂੰ ਯਕੀਨ ਜਿਹਾ ਸੀ ਕਿ ਉਹਦੀ ਚੈਕਿੰਗ ਮਨੀਸ਼ ਹੀ ਕਰੇਗਾ ਤੇ ਸਾਰਾ ਕੁਝ ਸਹੀ ਸਲਾਮਤ ਕਸਟਮ 'ਚੋਂ ਨਿਕਲ ਜਾਏਗਾ।

ਮਨੀਸ਼ ਵਰਦੀ ਪਾ ਕੇ ਡਿਊਟੀ 'ਤੇ ਆਣ ਖਲੋਤਾ ਪਰ ਅਫ਼ਸੋਸ ਕਿ ਸ਼ਾਜ਼ੀਆ ਦੀ ਵਾਰੀ ਉਹਦੇ ਕੋਲ ਨਹੀਂ, ਕਿਸੇ ਹੋਰ ਇੰਸਪੈਕਟਰ ਕੋਲ ਆ ਗਈ। 15-20 ਮਿੰਟਾਂ ਦੇ ਸਫ਼ਰ ਦੌਰਾਨ ਸ਼ਾਜ਼ੀਆ ਦੀਆਂ ਗੱਲਾਂ, ਉਹਦਾ ਸੁਹੱਪਣ ਤੇ ਹਲਕੀ ਜਿਹੀ ਛੋਹ ਨਾਲ ਮਨੀਸ਼ ਇੰਨਾ ਬੌਂਦਲ ਗਿਆ ਸੀ ਕਿ ਉਹ ਆਪਣੇ ਸਾਥੀਆਂ ਨੂੰ ਇਸ ਖ਼ਾਸ ਸਵਾਰੀ ਬਾਰੇ ਕਹਿ ਨਾ ਸਕਿਆ। ਹੱਥ ਹਿਲਾਉਂਦੀ ਹੋਈ ਮਾਯੂਸ ਸ਼ਾਜ਼ੀਆ ਜਦੋਂ ਨੋ ਮੈਨਜ਼ ਲੈਂਡ 'ਤੇ ਪਾਕਿਸਤਾਨ ਵਾਲੇ ਪਾਸੇ ਨੂੰ ਜਾ ਰਹੀ ਸੀ, ਮਨੀਸ਼ ਨੂੰ ਉਦੋਂ ਪਤਾ ਲੱਗਿਆ ਕਿ ਉਸ ਦੇ ਦਸ ਲਹਿੰਗੇ ਰੱਖ ਲਏ ਗਏ ਹਨ। ਉਹ ਆਪਣੇ-ਆਪ ਨੂੰ ਕੋਸਣ ਲੱਗਿਆ। ਜਿਸ ਸਾਥੀ ਇੰਸਪੈਕਟਰ ਨੇ ਉਸ ਦੇ ਸਮਾਨ ਦੀ ਚੈਕਿੰਗ ਕੀਤੀ ਸ

ਚੰਗੇ ਕੰਮ ਲਈ ਇਨਾਮ ਅਤੇ ਕੁਤਾਹੀ ਲਈ ਹੋਵੇਗੀ ਜਵਾਬਦੇਹੀ: ਮੁੱਖ ਮੰਤਰੀ ਮਾਨ

ਵੀਡੀਓ ਕਾਨਫਰੰਸਿੰਗ ਰਾਹੀਂ ਸੀਨੀਅਰ ਪੁਲੀਸ ਲੀਡਰਸ਼ਿਪ ਨਾਲ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤੀ ਮੀਟਿੰਗ

ਚੰਡੀਗੜ੍ਹ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮੁੱਚੀ ਸੀਨੀਅਰ ਪੁਲੀਸ ਲੀਡਰਸ਼ਿਪ ਨੂੰ ਇਨਫੋਰਸਮੈਂਟ (ਲਾਗੂਕਰਨ) ਨੂੰ ਤੇਜ਼ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਪੂਰੇ ਸੂਬੇ ਵਿੱਚ ਕਾਨੂੰਨ ਦਾ ਸ਼ਾਸਨ ਕਾਇਮ ਰਹੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੁਲੀਸ ਕਮਿਸ਼ਨਰਾਂ, ਇੰਸਪੈਕਟਰ ਜਨਰਲਾਂ (97), ਡਿਪਟੀ ਇੰਸਪੈਕਟਰ ਜਨਰਲਾਂ (DIG) ਅਤੇ ਸੀਨੀਅਰ ਸੁਪਰਡੈਂਟਾਂ (SP) ਨਾਲ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਨਸ਼ਿਆਂ ਵਿਰੁੱਧ ਯੁੱਧ' ਅਤੇ 'ਗੈਂਗਸਟਰਾਂ 'ਤੇ ਵਾਰ' ਪੰਜਾਬ ਸਰਕਾਰ ਦੀਆਂ ਸਭ ਤੋਂ ਪ੍ਰਮੁੱਖ ਤਰਜੀਹਾਂ ਹਨ ਅਤੇ ਇਨ੍ਹਾਂ ਦਾ ਅੰਤ ਨਸ਼ਿਆਂ ਦੀ ਲਾਹਨਤ ਅਤੇ ਗੈਂਗਸਟਰ ਨੈੱਟਵਰਕਾਂ ਦੇ ਜੜ੍ਹੋਂ ਮੁਕੰਮਲ ਸਫਾਏ ਨਾਲ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਆਮ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿੱਥੇ ਸਖ਼ਤ ਕਾਰਵਾਈ ਜਾਰੀ ਰਹੇਗੀ, ਉੱਥੇ ਹੀ ਪੰਜਾਬ ਦੀ ਜਵਾਨੀ ਦੀ ਲੰਬੇ ਸਮੇਂ ਦੀ ਸੁਰੱਖਿਆ, ਰੁਜ਼ਗਾਰ ਦੇ ਮੌਕੇ ਵਧਾਉਣ, ਸਿੱਖਿਆ ਨੂੰ ਮਜ਼ਬੂਤ ??ਕਰਨ ਅਤੇ ਕੈਰੀਅਰ ਕਾਉਂਸਲਿੰਗ ਨੂੰ ਵਧੀਆ ਬਣਾਉਣ 'ਤੇ ਵੀ ਨਿਰਭਰ ਕਰਦੀ ਹੈ। ਇਸ ਨਾਲ ਨੌਜਵਾਨਾਂ ਨੂੰ

ਨਸ਼ਿਆਂ ਅਤੇ ਅਪਰਾਧ ਦੀ ਦਲਦਲ ਵਿੱਚ ਫਸਣ ਤੋਂ ਬਚਾਇਆ ਜਾ ਸਕਦਾ ਹੈ। ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ, ਪੰਜਾਬ ਪੁਲੀਸ ਦਾ ਅਜਿਹੀਆਂ ਚੁਣੌਤੀਆਂ ਦਾ ਟਾਕਰਾ ਕਰਨ ਦਾ ਸ਼ਾਨਦਾਰ ਇਤਿਹਾਸ ਰਿਹਾ ਹੈ ਅਤੇ ਸਮੇਂ ਦੀ ਲੋੜ ਹੈ ਕਿ ਸੂਬੇ ਵਿੱਚੋਂ ਨਸ਼ਿਆਂ ਦੀ ਲਾਹਨਤ ਅਤੇ ਗੈਂਗਸਟਰਾਂ ਦਾ ਖਾਤਮਾ ਕਰਕੇ ਇਸ ਵਿਰਾਸਤ ਨੂੰ ਬਰਕਰਾਰ ਰੱਖਿਆ ਜਾਵੇ, ਜਿਸ ਵਿੱਚ ਤੁਹਾਡਾ ਸਭ ਦਾ ਅਹਿਮ ਰੋਲ ਹੈ।

ਸੀਐੱਮ ਮਾਨ ਨੇ ਕਿਹਾ, ਮੈਂ ਨਿੱਜੀ ਤੌਰ 'ਤੇ ਰੋਜ਼ਾਨਾ ਅਧਾਰ 'ਤੇ ਇਨ੍ਹਾਂ ਮੁਹਿੰਮਾਂ ਦੀ ਪ੍ਰਗਤੀ ਦੀ ਨਿਗਰਾਨੀ ਕਰਾਂਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੂਬਾ ਨਸ਼ਿਆਂ ਅਤੇ ਗੈਂਗਸਟਰਾਂ ਤੋਂ ਮੁਕਤ ਹੋਵੇ। ਉਨ੍ਹਾਂ ਅੱਗੇ ਕਿਹਾ, ਹਰ ਅਧਿਕਾਰੀ ਅਤੇ ਕਰਮਚਾਰੀ ਦਾ ਕੰਮ ਨਿਗਰਾਨੀ ਹੇਠ ਹੈ ਅਤੇ ਉਨ੍ਹਾਂ ਨੂੰ ਚੰਗੇ ਕੰਮ ਲਈ ਬਣਦਾ ਇਨਾਮ ਦਿੱਤਾ ਜਾਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਲਈ ਜਵਾਬਦੇਹ ਠਹਿਰਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ, ਪੰਜਾਬ ਪੁਲੀਸ ਨੂੰ ਆਧੁਨਿਕ ਤਕਨੀਕ ਨਾਲ ਲੈਸ ਕਰਨ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਭਾਗ ਦੀਆਂ ਲੋੜਾਂ ਅਨੁਸਾਰ ਮਨੁੱਖੀ ਸਰੋਤਾਂ, ਗੱਡੀਆਂ ਦੇ ਫਲੀਟ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਸਿਵਲ ਅਤੇ ਪੁਲੀਸ ਪ੍ਰਸ਼ਾਸਨ ਨੂੰ ਦੁਰਵਰਤੋਂ ਰੋਕਣ ਲਈ ਸੂਬੇ ਭਰ ਵਿੱਚ ਅਸਲਾ ਲਾਇਸੈਂਸਾਂ ਦੀ ਸਮੀਖਿਆ ਕਰਨ ਲਈ ਇੱਕ ਵਿਸ਼ਾਲ ਮੁਹਿੰਮ ਸ਼ੁਰੂ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ, ਜੇਕਰ ਕੋਈ ਅਸਲਾ ਲਾਇਸੈਂਸ ਕਿਸੇ ਅਪਰਾਧ ਲਈ ਵਰਤਿਆ ਜਾਂਦਾ ਹੈ, ਤਾਂ ਜ਼ਿਲ੍ਹਾ ਅਧਿਕਾਰੀਆਂ ਨੂੰ ਤੁਰੰਤ ਉਹ ਲਾਇਸੈਂਸ ਰੱਦ ਕਰਨਾ ਚਾਹੀਦਾ ਹੈ।

ਨਸ਼ਿਆਂ ਦੇ ਹੌਟਸਪੌਟ ਇਲਾਕਿਆਂ ਅਤੇ ਕਮਜ਼ੋਰ ਵਰਗਾਂ ਵਿੱਚ ਸਕੂਲ ਛੱਡਣ ਦੀ ਦਰ ਨੂੰ ਰੋਕਣ ਦੀ ਬਾਰੇ ਉਨ੍ਹਾਂ ਕਿਹਾ, ਸਿੱਖਿਆ ਵਿਭਾਗ ਨੂੰ ਇਸ ਦੇ ਸੁਧਾਰ ਲਈ ਉਪਾਅ ਕਰਨ ਅਤੇ ਇਸ ਦੀ ਜਾਂਚ ਕਰਨ ਲਈ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਮਾਨ ਨੇ ਇਹ ਵੀ ਕਿਹਾ, ਇਨ੍ਹਾਂ ਸੰਵੇਦਨਸ਼ੀਲ ਖੇਤਰਾਂ ਅਤੇ ਹੌਟਸਪੌਟਸ ਵਿੱਚ ਇੱਕ ਵਿਸ਼ਾਲ ਕੈਰੀਅਰ ਕਾਉਂਸਲਿੰਗ ਪ੍ਰੋਗਰਾਮ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡੀ.ਜੀ.ਪੀ. ਗੌਰਵ ਯਾਦਵ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

ਨਸ਼ੇ ਦੀ ਬਸਤੀ ਵਿੱਚ ਮਮਤਾ ਦੀ ਮਿਸਾਲ: ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਦੀ ਗੋਦ ਵਿੱਚ ਮਾਸੂਮ

ਮਾਛੀਵਾੜਾ ਸਾਹਿਬ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਖੰਨਾ ਵਿੱਚ ਨਸ਼ਾ ਤਸਕਰੀ ਲਈ ਬਦਨਾਮ ਮੀਟ ਮਾਰਕੀਟ ਬਸਤੀ ਵਿੱਚ ਆਪਰੇਸ਼ਨ ਪ੍ਰਹਾਰ-2 ਤਹਿਤ ਇੱਕ ਬਹੁਤ ਹੀ ਭਾਵੁਕ ਅਤੇ ਪ੍ਰੇਰਣਾਦਾਇਕ ਦ੍ਰਿਸ਼ ਦੇਖਣ ਨੂੰ ਮਿਲਿਆ। ਇਸ ਮੌਕੇ ਪੰਜਾਬ ਦੀ ਧੀ ਅਤੇ ਖੰਨਾ ਦੀ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਖੁਦ ਮੈਦਾਨ ਵਿੱਚ ਉਤਰੇ ਅਤੇ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ, ਸਮਾਜ ਦੀ ਮੁੱਖ ਧਾਰਾ ਨਾਲ ਜੁੜਨ ਅਤੇ ਚੰਗੀ ਜ਼ਿੰਦਗੀ ਵੱਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦਾ ਮਕਸਦ ਸਿਰਫ਼ ਕਾਰਵਾਈ ਕਰਨਾ ਹੀ ਨਹੀਂ ਸੀ, ਸਗੋਂ ਲੋਕਾਂ ਦੇ ਦਿਲਾਂ ਵਿੱਚ ਭਰੋਸਾ ਜਗਾ ਕੇ ਉਨ੍ਹਾਂ ਨੂੰ ਬਿਹਤਰ ਭਵਿੱਖ ਦੀ ਦਿਸ਼ਾ ਦਿਖਾਉਣਾ ਵੀ ਸੀ। ਇਸ ਦੌਰਾਨ ਉੱਥੇ ਮੌਜੂਦ ਇੱਕ ਮਾਸੂਮ ਬੱਚਾ ਅਚਾਨਕ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਕੋਲ ਆ ਗਿਆ।

ਉਹਨਾਂ ਨੇ ਬਿਨਾਂ ਕਿਸੇ ਝਿਝਕ ਅਤੇ ਭੇਦਭਾਵ ਦੇ ਬੱਚੇ ਨੂੰ ਤੁਰੰਤ ਆਪਣੀ ਗੋਦ ਵਿੱਚ ਚੁੱਕ ਲਿਆ ਅਤੇ ਪਿਆਰ ਨਾਲ ਸੀਨੇ ਨਾਲ ਲਾ ਲਿਆ। ਬੱਚੇ ਨੂੰ ਗੋਦ ਵਿੱਚ ਰੱਖ ਕੇ ਉਹਨਾਂ ਨੇ ਉੱਥੇ ਮੌਜੂਦ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਸਧਾਰਨ ਭਾਸ਼ਾ ਵਿੱਚ ਸਮਝਾਇਆ। ਇਹ ਦ੍ਰਿਸ਼ ਇੰਨਾ ਭਾਵੁਕ ਸੀ ਕਿ ਉੱਥੇ ਮੌਜੂਦ ਹਰ ਵਿਅਕਤੀ ਦਾ ਦਿਲ ਪਿਘਲ ਗਿਆ। ਲੋਕਾਂ ਨੇ ਮਹਿਸੂਸ ਕੀਤਾ ਕਿ ਪੁਲਿਸ ਸਿਰਫ਼ ਕਾਨੂੰਨ ਲਾਗੂ ਕਰਨ ਵਾਲੀ ਸੰਸਥਾ ਨਹੀਂ, ਸਗੋਂ ਸਮਾਜ ਦੀ ਸੱਚੀ ਸਹਾਇਕ ਅਤੇ ਮਾਰਗਦਰਸ਼ਕ ਵੀ ਹੈ। ਐੱਸ.ਐੱਸ.ਪੀ ਦੀ ਇਹ ਮਮਤਾ ਭਰੀ ਤਸਵੀਰ ਕੁਝ ਹੀ ਸਮੇਂ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਹਜ਼ਾਰਾਂ ਲੋਕਾਂ ਨੇ ਇਸ ਤਸਵੀਰ ਨੂੰ ਸਾਂਝਾ ਕਰਦਿਆਂ ਉਨ੍ਹਾਂ ਦੀ ਮਨੁੱਖੀ ਸੋਚ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ। ਕਈ ਲੋਕਾਂ ਨੇ ਇਸ ਨੂੰ ਨਸ਼ੇ ਖ਼ਿਲਾਫ਼ ਲੜਾਈ ਵਿੱਚ ਉਮੀਦ ਦੀ ਨਵੀਂ ਕਿਰਨ ਕਰਾਰ ਦਿੱਤਾ।

ਇਸ ਮੌਕੇ ਐੱਸ.ਐੱਸ.ਪੀ ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਨਸ਼ਾ ਸਿਰਫ਼ ਕਾਨੂੰਨ-ਵਿਵਸਥਾ ਦੀ ਸਮੱਸਿਆ ਨਹੀਂ, ਬਲਕਿ ਇੱਕ ਗੰਭੀਰ ਸਮਾਜਿਕ ਬਿਮਾਰੀ ਹੈ, ਜਿਸ ਨੂੰ ਜੜ ਤੋਂ ਖਤਮ ਕਰਨ ਲਈ ਪੁਲਿਸ, ਪ੍ਰਸ਼ਾਸਨ ਅਤੇ ਸਮਾਜ ਨੂੰ ਮਿਲਜੁਲ ਕੇ ਯਤਨ ਕਰਨੇ ਪੈਣਗੇ।

ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ 'ਤੇ ਖ਼ਾਸ ਧਿਆਨ ਦੇਣ, ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕਰਨ ਅਤੇ ਸਹੀ ਦਿਸ਼ਾ ਵਿੱਚ ਮਾਰਗਦਰਸ਼ਨ ਦੇਣ। ਨਾਲ ਹੀ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਪੜ੍ਹਾਈ, ਖੇਡਾਂ ਅਤੇ ਰੋਜ਼ਗਾਰ ਵੱਲ ਧਿਆਨ ਕੇਂਦਰਿਤ ਕਰਨ ਦਾ ਸੱਦਾ ਦਿੱਤਾ।

ਮੀਟ ਮਾਰਕੀਟ ਬਸਤੀ ਵਿੱਚ ਵੇਖਿਆ ਗਿਆ ਇਹ ਛੋਟਾ ਪਰ ਪ੍ਰਭਾਵਸ਼ਾਲੀ ਪਲ ਇਹ ਸਾਬਤ ਕਰਦਾ ਹੈ ਕਿ ਜਦੋਂ ਪ੍ਰਸ਼ਾਸਨ ਮਨੁੱਖੀ ਦ੍ਰਿਸ਼ਟੀਕੋਣ ਨਾਲ ਕੰਮ ਕਰਦਾ ਹੈ, ਤਾਂ ਉਸਦਾ ਅਸਰ ਕਈ ਗੁਣਾ ਵੱਧ ਹੁੰਦਾ ਹੈ। ਇਹ ਤਸਵੀਰ ਲੰਮੇ ਸਮੇਂ ਤੱਕ ਲੋਕਾਂ ਦੇ ਦਿਲਾਂ ਵਿੱਚ ਉਮੀਦ, ਭਰੋਸਾ ਅਤੇ ਬਦਲਾਅ ਦੀ ਪ੍ਰੇਰਣਾ ਬਣੀ ਰਹੇਗੀ।

ਰਾਜਪਾਲ ਪੰਜਾਬ ਵੱਲੋਂ ਸਾਰੀਆਂ ਰਾਜਸੀ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਨਸ਼ਿਆਂ ਵਿਰੁੱਧ ਅੰਦੋਲਨ 'ਚ ਇਕਜੁੱਟ ਹੋਣ ਦਾ ਸੱਦਾ

ਪੰਜਾਬ ਦੀ ਜੁਆਨੀ ਨੂੰ ਨਸ਼ਾ ਮੁਕਤ ਕਰਨ ਲਈ ਨਸ਼ਿਆਂ ਵਿਰੁੱਧ ਅੰਦੋਲਨ ਲੋਕਾਂ ਦਾ ਸਾਂਝਾ ਅੰਦੋਲਨ: ਰਾਜਪਾਲ ਪੰਜਾਬ

ਚੰਡੀਗੜ੍ਹ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਰਾਜਪਾਲ ਪੰਜਾਬ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਅਗਵਾਈ ਹੇਠ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਕੱਢੀ ਜਾ ਰਹੀ 4 ਰੋਜ਼ਾ ਨਸ਼ਾ ਮੁਕਤ ਪੈਦਲ ਯਾਤਰਾ ਦੀ ਸਮਾਪਤੀ ਅਬੋਹਰ ਦੇ ਡੀ.ਏ.ਵੀ ਕਾਲਜ ਵਿਖੇ ਹੋਈ। ਅੱਜ ਦੇ ਇਸ ਆਖ਼ਰੀ ਦਿਨ ਨਸ਼ਿਆਂ ਵਿਰੁੱਧ ਰੇਲਵੇ ਸਟੇਸ਼ਨ ਅਬੋਹਰ ਤੋਂ ਡੀਏਵੀ ਕਾਲਜ ਅਬੋਹਰ ਤੱਕ ਪੈਦਲ ਯਾਤਰਾ ਕੱਢੀ ਗਈ! ਇਸ ਪੈਦਲ ਯਾਤਰਾ ਵਿੱਚ ਕਈ ਯੂਨਵਰਸਿਟੀਆਂ ਦੇ ਉਪਕੁਲਪਤੀ, ਸਕੂਲਾਂ ਅਤੇ ਕਾਲਜਾਂ ਦੇ ਮੁਖੀ, ਐਨ.ਜੀ.ਓਜ਼, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦਿਆਂ ਨਸ਼ਾ ਮੁਕਤ ਪੰਜਾਬ ਬਣਾਉਣ ਦਾ

ਸੰਕਲਪ ਲਿਆ।

ਇਸ ਮੌਕੇ ਮਾਨਯੋਗ ਗਵਰਨਰ ਪੰਜਾਬ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਸ਼ਿਆਂ ਦਾ ਖਾਤਮਾ ਕਰਨਾ ਕੇਵਲ ਸਰਕਾਰ ਦੀ ਹੀ ਨਹੀਂ ਸਗੋਂ ਸਾਡੀ ਸਾਰਿਆਂ ਦੀ ਸਾਂਝੀ ਜਿੰਮੇਵਾਰੀ ਬਣਦੀ ਹੈ ਤਾਂ ਹੀ ਪੰਜਾਬ ਮੁੜ ਤੋਂ ਪਹਿਲਾਂ ਵਰਗਾ ਰੰਗਲਾ ਪੰਜਾਬ ਬਣ ਸਕੇ। ਉਨ੍ਹਾਂ ਕਿਹਾ ਕਿ ਇਸ ਬੁਰਾਈ ਨੂੰ ਜੜ੍ਹੋਂ ਖਤਮ ਕਰਨ ਲਈ ਕੋਸ਼ਿਸ਼ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੇ ਬਲੀਦਾਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਸਾਡੀ ਬਹਾਦਰ ਫੌਜ ਦੇ ਦੇਸ਼ ਦੇ ਜਵਾਨਾਂ ਨੇ ਸਾਡੇ ਦੇਸ਼ ਦੀ ਰੱਖਿਆ ਲਈ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ ਤੇ ਅਸੀਂ ਇਸ ਛੋਟੀ ਜਿਹੀ ਨਸ਼ਿਆਂ ਦੀ ਅਲਾਮਤ ਨੂੰ ਖਤਮ ਵਿੱਚ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਇਹ ਸਾਡਾ ਧਾਰਮਿਕ ਅਤੇ ਨੈਤਿਕ ਫ਼ਰਜ਼ ਬਣਦਾ ਹੈ ਕਿ ਅਸੀਂ ਇਸ ਬਿਮਾਰੀ ਨੂੰ ਜੜ੍ਹੋਂ ਮਿਟਾਈਏ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਨੂੰ ਸਫਲ ਬਣਾਉਣ ਲਈ ਸਿੱਖਿਆ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਸਮਾਜਿਕ ਸੰਸਥਾਵਾਂ, ਸਮੂਹ ਰਾਜਨੀਤਿਕ ਪਾਰਟੀਆਂ, ਪੰਚਾਇਤਾਂ ਅਤੇ ਆਮ ਲੋਕਾਂ ਨੂੰ ਇਕੱਠੇ ਹੋ ਕੇ ਇਹ ਲੜਾਈ ਲੜਨੀ ਪਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਗੁਆਂਢੀ ਦੁਸ਼ਮਣ ਦੇਸ਼ ਡਰੋਨਾਂ ਰਾਹੀਂ ਨਸ਼ਿਆਂ ਦੀ ਸਪਲਾਈ ਕਰਕੇ ਸਾਡੀ ਨੌਜਵਾਨ ਪੀੜ੍ਹੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਸਰਕਾਰ ਵੱਲੋਂ ਐਂਟੀ-ਡਰੋਨ ਸਿਸਟਮ ਸਮੇਤ ਕਈ ਕੜੇ ਕਦਮ ਚੁੱਕੇ ਜਾ ਰਹੇ ਹਨ ਤਾਂ ਜੋ ਇਸ ਸਾਜ਼ਿਸ਼ ਨੂੰ ਨਾਕਾਮ ਬਣਾਇਆ ਜਾ ਸਕੇ। ਅੰਤ ਵਿੱਚ ਮਾਨਯੋਗ ਰਾਜਪਾਲ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਲੜਾਈ ਸਾਂਝੇ ਤੌਰ 'ਤੇ ਹੀ ਜਿੱਤੀ ਜਾ ਸਕਦੀ ਹੈ ਅਤੇ ਸਮੂਹ ਪੰਜਾਬ ਵਾਸੀਆਂ ਦੇ ਸਹਿਯੋਗ ਨਾਲ ਇਸ ਮਿਸ਼ਨ ਵਿੱਚ ਜਲਦੀ ਸਫਲਤਾ ਮਿਲੇਗੀ। ਇਸ ਤੋਂ ਬਾਅਦ ਉਹਨਾਂ ਡੀਏਵੀ ਕਾਲਜ ਦੇ ਆਡੀਟੋਰੀਅਮ ਵਿਖੇ ਵਿਦਿਆਰਥੀਆਂ ਦੇ ਭਵਿੱਖ ਨੂੰ ਉੱਜਵਲ ਕਰਨ ਲਈ ਪੜ੍ਹਾਈ ਨੂੰ ਪਹਿਲ ਦੇਣ ਅਤੇ ਨਸ਼ਿਆਂ ਦੇ ਖਾਤਮੇ ਲਈ ਸਾਰਿਆਂ ਦੇ ਸਾਂਝੇ ਸਹਿਯੋਗ ਦੀ ਗੱਲ ਕਹੀ!

ਮਿਸ਼ਨ ਸੰਪਰਕ- ਪੜਾਅ ਦੂਜਾ ਤਹਿਤ ਅਮਰਗੜ੍ਹ ਵਿੱਚ ਜਾਗਰੂਕਤਾ ਮੀਟਿੰਗ ਆਯੋਜਿਤ

ਮਲੇਰਕੋਟਲਾ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਿਸ਼ਨ ਸੰਪਰਕ ਦੇ ਦੂਜੇ ਪੜਾਅ ਤਹਿਤ ਅੱਜ ਮਾਲੇਰਕੋਟਲਾ ਪੁਲਿਸ ਵੱਲੋਂ ਸਬ ਡਵੀਜ਼ਨ ਅਮਰਗੜ੍ਹ ਵਿੱਚ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਪੰਚਾਂ ਸਰਪੰਚਾਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਮੌਕੇ ਤੇ ਵਿਸ਼ੇਸ਼ ਤੌਰ 'ਤੇ ਆਈ.ਜੀ.ਪੀ. ਬਲਜੋਤ ਸਿੰਘ ਰਾਠੌਰ, ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ, ਸ. ਗਗਨ ਅਜੀਤ ਸਿੰਘ ਐੱਸ.ਪੀ. ਗੁਰਸ਼ਰਨਜੀਤ ਸਿੰਘ ਅਤੇ ਡੀ.ਐੱਸ.ਪੀ. ਅਮਰਗੜ੍ਹ ਸੰਜੀਵ ਕਪੂਰ ਨੇ ਸ਼ਿਰਕਤ ਕੀਤੀ।

ਅਧਿਕਾਰੀਆਂ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਦੀ ਅਗਵਾਈ ਹੇਠ ਨਸ਼ਿਆਂ ਖ਼ਿਲਾਫ਼ ਚੱਲ ਰਹੀ ਲੜਾਈ ਵਿੱਚ ਲੋਕਾਂ ਦੇ ਸਹਿਯੋਗ ਲਈ ਇਹ ਸੰਪਰਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਦਾ ਮਕਸਦ ਪੁਲਿਸ ਅਤੇ ਜਨਤਾ ਵਿਚਕਾਰ ਭਰੋਸੇ ਨੂੰ ਮਜ਼ਬੂਤ ਕਰਨਾ ਅਤੇ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਲਈ ਸਾਂਝੇ ਯਤਨ ਕਰਨਾ ਹੈ।

ਮੀਟਿੰਗ ਦੌਰਾਨ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਅਧਿਕਾਰੀਆਂ ਨੇ ਅਪੀਲ ਕੀਤੀ ਕਿ ਨਸ਼ੇ ਨਾਲ ਪੀੜਤ ਨੌਜਵਾਨਾਂ ਨਾਲ ਹਮਦਰਦੀ ਭਰਾ ਵਤੀਰਾ ਅਪਣਾਇਆ ਜਾਵੇ ਅਤੇ ਉਨ੍ਹਾਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਸਮਾ

ਸੋਲਰ ਜਾਗਰੂਕਤਾ ਕੈਂਪਾਂ ਵਿੱਚ 1000 ਤੋਂ ਵੱਧ ਲੋਕਾਂ ਦੀ ਆਮਦ; ਯੂਟੀ ਚੰਡੀਗੜ੍ਹ ਵਿੱਚ ਪੀਐੱਮ ਸੂਰਯ ਘਰ ਯੋਜਨਾ ਨੂੰ ਮਿਲ ਰਿਹਾ ਉਤਸ਼ਾਹਜਨਕ ਜਨ-ਸਮਰਥਨ

ਚੰਡੀਗੜ੍ਹ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਦੀ ਪ੍ਰਮੁੱਖ ਪਹਿਲ ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ ਦੇ ਤਹਿਤ ਆਯੋਜਿਤ ਸੌਰ ਜਾਗਰੂਕਤਾ ਅਤੇ ਸੁਵਿਧਾ ਕੈਂਪਾਂ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਭਾਰੀ ਹੁੰਗਾਰਾ ਮਿਲਿਆ ਹੈ। ਪਿਛਲੇ ਦੋ ਦਿਨਾਂ ਦੌਰਾਨ 1000 ਤੋਂ ਅਧਿਕ ਨਾਗਰਿਕਾਂ ਨੇ ਕੈਂਪਾਂ ਵਿੱਚ ਹਿੱਸਾ ਲਿਆ। ਇਹ ਸ਼ਾਨਦਾਰ ਜਨਤਕ ਭਾਗੀਦਾਰੀ ਸ਼ਹਿਰ ਵਾਸੀਆਂ ਦੇ ਦਰਮਿਆਨ ਰੂਫਟੌਪ ਸੋਲਰ ਊਰਜਾ ਪ੍ਰਣਾਲੀ ਅਪਣਾਉਣ ਦੇ ਪ੍ਰਤੀ ਵਧਦੀ ਜਾਗਰੂਕਤਾ ਅਤੇ ਰੁਚੀ ਨੂੰ ਦਰਸਾਉਂਦੀ ਹੈ।

ਇਹ ਪਹਿਲ ਸਾਇੰਸ, ਟੈਕਨੋਲੋਜੀ ਅਤੇ ਅਖੁੱਟ ਊਰਜਾ ਵਿਭਾਗ (ਡੀਐੱਸਟੀਐੱਡਆਰਈ/DST&RE), ਚੰਡੀਗੜ੍ਹ ਪ੍ਰਸ਼ਾਸਨ ਦੇ ਤਹਿਤ ਚੰਡੀਗੜ੍ਹ ਅਖੁੱਟ ਊਰਜਾ ਅਤੇ ਵਿਗਿਆਨ ਅਤੇ ਟੈਕਨੋਲੋਜੀ ਪ੍ਰਮੋਸ਼ਨ ਸੋਸਾਇਟੀ-ਕ੍ਰੈਸਟ (ਸੀਆਰਈਐੱਸਟੀ/CREST) ਦੁਆਰਾ ਸੰਚਾਲਿਤ ਕੀਤੀ ਜਾ ਰਹੀ ਹੈ। ਇਨ੍ਹਾਂ ਕੈਂਪਾਂ ਦੇ ਜ਼ਰੀਏ ਉਪਭੋਗਤਾਵਾਂ ਵਿੱਚ ਰੂਫਟੌਪ ਸੋਲਰ ਸਥਾਪਨਾ ਦੇ ਪ੍ਰਤੀ ਵਿਸ਼ਵਾਸ ਅਤੇ ਜਾਗਰੂਕਤਾ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ। ਕੈਂਪਾਂ ਦੇ ਸਥਾਨਾਂ 'ਤੇ ਸੂਚੀਬੱਧ ਵਿਕ੍ਰੇਤਾਵਾਂ (Empanelled Vendors) ਅਤੇ ਸਹਿਭਾਗੀ ਬੈਂਕਾਂ ਦੀ ਉਪਸਥਿਤੀ ਨਾਲ ਸਾਇਟ 'ਤੇ ਨਿਰਵਿਘਨ ਰਜਿਸਟ੍ਰੇਸ਼ਨ, ਤਕਨੀਕੀ ਮਾਰਗਦਰਸ਼ਨ ਅਤੇ ਸਪੌਟ ਰਿਣ ਸੁਵਿਧਾ ਉਪਲਬਧ ਕਰਵਾਈ ਜਾ ਰਹੀ ਹੈ, ਜਿਸ ਨਾਲ ਸੰਭਾਵੀ ਲਾਭਾਰਥੀਆਂ ਲਈ ਪ੍ਰਕਿਰਿਆ ਸਰਲ ਅਤੇ ਸੁਲਭ ਬਣੀ ਹੈ।

ਇਸ ਅਵਸਰ 'ਤੇ ਆਊਟਰੀਚ ਪ੍ਰੋਗਰਾਮ ਦੇ ਦੌਰਾਨ ਸੈਕਟਰ-17 ਸਥਿਤ ਚੰਡੀਗੜ੍ਹ ਟ੍ਰੇਡਰਸ ਐਸੋਸੀਏਸ਼ਨ ਨਾਲ ਇੱਕ ਮੀਟਿੰਗ ਵੀ ਆਯੋਜਿਤ ਕੀਤੀ ਗਈ। ਐਸੋਸੀਏਸ਼ਨ ਦੇ ਮੈਂਬਰਾਂ ਨੇ ਸਰਗਰਮੀ ਨਾਲ ਹਿੱਸਾ ਲੈਂਦੇ ਹੋਏ ਆਪਣੇ ਸੁਝਾਅ ਸਾਂਝੇ ਕੀਤੇ।ਟ੍ਰੇਡਰਸ ਐਸੋਸੀਏਸ਼ਨ ਦੇ ਸਹਿਯੋਗ ਨਾਲ ਕੀਤੇ ਗਏ ਇਸ ਸੰਵਾਦ ਦੇ ਜ਼ਰੀਏ ਵਪਾਰਕ ਸਮੁਦਾਇ ਵਿੱਚ ਯੋਜਨਾ ਦੇ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਇਸ ਦੇ ਵਿਆਪਕ ਪ੍ਰਚਾਰ-ਪ੍ਰਸਾਰ ਅਤੇ ਪ੍ਰਭਾਵੀ ਲਾਗੂਕਰਨ ਹਿਤ ਤਾਲਮੇਲ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਮਿਲੀ, ਵਿਸ਼ੇਸ਼ ਕਰਕੇ ਇਸ ਦੇ ਮੈਂਬਰਾਂ ਦੇ ਰਿਹਾਇਸ਼ੀ ਪਰਿਸਰਾਂ ਵਿੱਚ ਯੋਜਨਾ ਦੇ ਲਾਭ ਪਹੁੰਚਾਉਣ ਦੇ ਸੰਦਰਭ ਵਿੱਚ।

ਨਾਗਰਿਕਾਂ ਦੀ ਉਤਸ਼ਾਹਪੂਰਨ ਭਾਗੀਦਾਰੀ ਇਹ ਸੰਕੇਤ ਦਿੰਦੀ ਹੈ ਕਿ ਰੂਫਟੌਪ ਸੋਲਰ ਸਿਸਟਮ ਅਪਣਾ ਕੇ ਬਿਜਲੀ ਬਿਲ ਵਿੱਚ ਕਮੀ ਦਾ ਲਾਭ ਉਠਾਉਣ ਲਈ ਉਤਸੁਕ ਹਨ, ਜਿਸ ਨਾਲ ਚੰਡੀਗੜ੍ਹ ਦੀ ਸਵੱਛ ਊਰਜਾ ਅਤੇ ਟਿਕਾਊ ਵਿਕਾਸ ਦੇ ਪ੍ਰਤੀ ਪ੍ਰਤੀਬੱਧਤਾ ਹੋਰ ਮਜ਼ਬੂਤ ??ਹੋ ਰਹੀ ਹੈ।

ਉਤਸ਼ਾਹਜਨਕ ਪ੍ਰਤੀਕਿਰਿਆ ਨੂੰ ਦੇਖਦੇ ਹੋਏ, ਕ੍ਰੈਸਟ (ਸੀਆਰਈਐੱਸਟੀ/CREST) ਨੇ ਆਊਟਰੀਚ ਮੁਹਿੰਮ ਦਾ ਵਿਸਤਾਰ ਕਰਨ ਦਾ ਨਿਰਣਾ ਲਿਆ ਹੈ। ਹੋਰ ਕੈਂਪ ਨਿਮਨਲਿਖਤ ਸਥਾਨਾਂ 'ਤੇ ਆਯੋਜਿਤ ਕੀਤੇ ਜਾਣਗੇ:
ਸੀਐੱਚਬੀ ਫਲੈਟਸ, ਸੈਕਟਰ 61 - 15 ਫਰਵਰੀ 2026 ਤੋਂ

ਇਨ੍ਹਾਂ ਐਡੀਸ਼ਨਲ ਕੈਂਪਾਂ ਦਾ ਉਦੇਸ਼ ਅਧਿਕ ਤੋਂ ਅਧਿਕ ਨਾਗਰਿਕਾਂ ਤੱਕ ਯੋਜਨਾ ਦਾ ਲਾਭ ਪਹੁੰਚਾਉਣਾ ਅਤੇ ਰੂਫਟੌਪ ਸੋਲਰ ਸਥਾਪਨਾ ਨਾਲ ਸਬੰਧਿਤ ਤਕਨੀਕੀ ਅਤੇ ਵਿੱਤੀ ਜਾਣਕਾਰੀ ਸਥਲ 'ਤੇ ਹੀ ਉਪਲਬਧ ਕਰਵਾਉਣਾ ਹੈ।

ਪ੍ਰਸ਼ਾਸਨ ਦੀ ਸਰਗਰਮ ਪਹਿਲ, ਬੈਂਕਾਂ ਅਤੇ ਸੂਚੀਬੱਧ ਵਿਕ੍ਰੇਤਾਵਾਂ ਦੇ ਸਹਿਯੋਗ ਅਤੇ ਨਾਗਰਿਕਾਂ ਦੀ ਸਰਗਰਮ ਭਾਗੀਦਾਰੀ ਸਦਕਾ ਚੰਡੀਗੜ੍ਹ ਸਵੱਛ ਊਰਜਾ ਲਕਸ਼ਾਂ ਦੀ ਦਿਸ਼ਾ ਵਿੱਚ ਤੀਬਰ ਗਤੀ ਨਾਲ ਅੱਗੇ ਵਧ ਰਿਹਾ ਹੈ।

ਕ੍ਰੈਸਟ (ਸੀਆਰਈਐੱਸਟੀ/CREST) ਯੂਟੀ ਚੰਡੀਗੜ੍ਹ ਦੇ ਸਾਰੇ ਨਾਗਰਿਕਾਂ ਨੂੰ ਅਪੀਲ ਕਰਦਾ ਹੈ ਕਿ ਇਨ੍ਹਾਂ ਸਾਰੇ ਸੌਰ ਜਾਗਰੂਕਤਾ ਕੈਂਪਾਂ ਵਿੱਚ ਪਹੁੰਚ ਕੇ ਇਸ ਯੋਜਨਾ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ, ਸੂਚੀਬੱਧ ਵਿਕ੍ਰੇਤਾਵਾਂ ਤੋਂ ਸਾਇਟ 'ਤੇ ਤਕਨੀਕੀ ਮਾਰਗਦਰਸ਼ਨ ਲੈਣ ਸਹਿਭਾਗੀ ਬੈਂਕਾਂ ਦੁਆਰਾ ਉਪਲਬਧ ਕਰਵਾਈ ਜਾ ਰਹੀ ਰਿਣ ਸੁਵਿਧਾ ਦਾ ਲਾਭ ਉਠਾ ਕੇ ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ ਦਾ ਅਧਿਕਤਮ ਲਾਭ ਪ੍ਰਾਪਤ ਕਰਨ।

ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਵੱਲੋਂ ਸੁਤੰਤਰਤਾ ਸੰਗਰਾਮੀ ਸ੍ਰ ਸੰਤੋਖ ਸਿੰਘ ਮਾਰਗ ਦਾ ਉਦਘਾਟਨ

ਪਟਿਆਲਾ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਮੇਅਰ ਕੁੰਦਨ ਗੋਗੀਆ ਨੇ ਸੁਤੰਤਰਤਾ ਸੰਗਰਾਮੀ ਸ੍ਰ ਸੰਤੋਖ ਸਿੰਘ ਮਾਰਗ ਦਾ ਵਿਧਿਵਤ ਉਦਘਾਟਨ ਕੀਤਾ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਸਮਾਜਿਕ ਸੰਸਥਾਵਾਂ ਦੇ ਪ੍ਰਤੀਨਿਧੀ ਅਤੇ ਇਲਾਕਾ ਵਾਸੀ ਹਾਜ਼ਰ ਰਹੇ। ਰਿਬਨ ਕੱਟਣ ਦੀ ਰਸਮ ਤੋਂ ਬਾਅਦ ਸੁਤੰਤਰਤਾ ਸੰਗਰਾਮੀਆਂ ਦੀ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ।

ਅਜੀਤਪਾਲ ਸਿੰਘ ਕੋਹਲੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸ੍ਰੀ ਸੰਤੋਖ ਸਿੰਘ ਵਰਗੇ ਮਹਾਨ ਯੋਧਿਆਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਇਹ ਇੱਕ ਛੋਟਾ ਜਿਹਾ ਯਤਨ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਲੜਾਈ ਵਿੱਚ ਉਨ੍ਹਾਂ ਦਾ ਯੋਗਦਾਨ ਸਾਡੀ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਣਾ ਸਰੋਤ ਰਹੇਗਾ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ ਦੇ ਨਾਲ-ਨਾਲ ਇਤਿਹਾਸਕ ਸ਼ਖਸੀਅਤਾਂ ਨੂੰ ਸਨਮਾਨ ਦੇਣਾ ਸਾਡੀ ਜ਼ਿੰਮੇਵਾਰੀ ਹੈ।

ਇਸ ਮਾਰਗ ਦੇ ਬਣਨ ਨਾਲ ਇਲਾਕਾ ਵਾਸੀਆਂ ਨੂੰ ਆਵਾਜਾਈ ਵਿੱਚ ਸੁਵਿਧਾ ਮਿਲੇਗੀ ਅਤੇ ਸ਼ਹਿਰ ਦੀ ਸੁੰਦਰਤਾ ਵਿੱਚ ਵੀ ਵਾਧਾ ਹੋਵੇਗਾ।

ਇਸ ਮੌਕੇ ਗੁਰਪ੍ਰੀਤ ਸਿੰਘ ਕੋਹਲੀ, ਜਿਲ੍ਹਾ ਪ੍ਰਧਾਨ ਸ੍ਰ ਅਮਰਪ੍ਰੀਤ ਸਿੰਘ , ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ 234 (ਰਜਿਸਟਰਡ) , ਵਾਰਡ ਨੰਬਰ 46 ਤੋਂ ਐਮ ਸੀ ਜਗਤਾਰ ਸਿੰਘ ਤਾਰੀ, ਵਾਰਡ ਨੰਬਰ 51 ਤੋਂ ਐਮ ਸੀ ਕਿਰਨ ਅਹੂਜਾ ਅਤੇ ਜਸਬੀਰ ਸਿੰਘ ਬਿੱਟੂ ਤੋਂ ਇਲਾਵਾ ਇਲਾਕਾ ਵਾਸੀ ਮੌਜੂਦ ਸਨ।

ਟ੍ਰੇਡ ਡੀਲ ਨਾਲ ਕੇਂਦਰ ਸਰਕਾਰ ਕਿਸਾਨਾਂ ਦੇ ਹਿਤਾਂ ਨੂੰ ਕੁਚਲਣ ਦੀ ਸਾਜ਼ਿਸ਼: ਕੋਟਲੀ

ਆਪ ਸਰਕਾਰ ਦੀ ਬਦੌਲਤ ਵਿਗੜੀ ਲਾਅ ਐਂਡ ਆਰਡਰ ਦੀ ਸਥਿਤੀ

ਪਟਿਆਲਾ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕਾ ਨਾਲ ਕੇਂਦਰ ਸਰਕਾਰ ਦੀ ਸਾਜ਼ਿਸ਼ ਤਹਿਤ ਕੀਤਾ ਗਿਆ ਵਪਾਰ ਸਮਝੌਤਾ ਦੇਸ਼ ਦੇ ਕਿਸਾਨਾਂ ਦੇ ਹਿਤਾਂ ਨੂੰ ਕੁਚਲਣ ਦੀ ਇੱਕ ਵੱਡੀ ਸਾਜ਼ਿਸ਼ ਹੈ, ਜਿਸ ਨਾਲ ਕਿਸਾਨੀ ਢਾਂਚਾ ਕਮਜ਼ੋਰ ਹੋਵੇਗਾ ਅਤੇ ਕਿਸਾਨਾਂ ਦੀ ਆਰਥਿਕ ਵਿਵਸਥਾ ਤਹਿਸ-ਨਹਿਸ ਹੋ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਪਿੰਡ ਕੈਦੂਪੁਰ ਵਿਖੇ ਟਕਸਾਲੀ ਕਾਂਗਰਸੀ ਪ੍ਰਧਾਨ ਹੁਸ਼ਿਆਰ ਸਿੰਘ ਕੈਦੂਪੁਰ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਵਿਧਾਇਕ ਲੱਖਾ ਪਾਇਲ, ਕਾਮਿਲ ਅਮਰ ਸਿੰਘ, ਭੁਪਿੰਦਰ ਸਿੰਘ ਭਿੰਦਾ ਪਟਿਆਲਾ ਸਿਆਸੀ ਸਕੱਤਰ ਕੋਟਲੀ ਪਰਿਵਾਰ, ਹੈਪੀ ਕੈਦੂਪੁਰ, ਜੱਸਾ ਰੌੜੀਆਂ, ਗੋਮੀ ਸਿਆੜ, ਮਨਜੀਤ ਖੋਖ, ਸੁਖਦੇਵ ਸੇਖੋਂ ਰੋਹਟੀ ਮੋੜਾਂ, ਅਮਨ ਕੈਦੂਪੁਰ, ਗੁਰੀ ਖੱਟੜਾ, ਜੱਸੀ ਕੈਦੂਪੁਰ, ਕੁਲਵਿੰਦਰ ਮਾਨ, ਸ਼ੁਭ ਖੱਟੜਾ ਵੀ ਹਾਜ਼ਰ ਸਨ। ਇਸ ਮੌਕੇ ਕੋਟਲੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਤਰ੍ਹਾਂ ਦਾ ਸਮਝੌਤਾ ਕਰਨ ਲਈ ਮਜ਼ਬੂਰਨ ਫੈਸਲਾ ਲਿਆ ਹੈ। ਕਿਉਂਕਿ ਅਮਰੀਕਾ ਨੇ ਉਨ੍ਹਾਂ ਦੀ ਧੌਣ ਫੜਕੇ ਇਹ ਡੀਲ ਫਾਈਨਲ ਕਰਵਾਈ ਹੈ। ਜਿਸ ਦਾ ਕਿਸਾਨਾਂ ਅਤੇ ਆਮ ਲੋਕਾਂ ਨੂੰ ਸਿੱਧੇ ਤੌਰ 'ਤੇ ਨੁਕਸਾਨ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਤੋਂ ਇਲਾਵਾ ਭਾਰਤੀ ਉਦਯੋਗਪਤੀਆਂ ਦੇ ਵੀ ਖਿਲਾਫ ਫੈਸਲੇ ਲੈ ਰਹੀ ਹੈ। ਜਿਸ ਨਾਲ ਅੰਤਰ-ਰਾਸ਼ਟਰੀ ਪੱਧਰ ਦਾ ਹੋਣ ਵਾਲਾ ਵਪਾਰ ਭਾਰਤ ਅੰਦਰੋਂ ਖਤਮ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਜਿਕਰਯੋਗ ਹੈ ਕਿ ਅਮਰੀਕਾ ਭਾਰਤ ਅੰਦਰ ਇਹ ਡੀਲ ਕਰਕੇ ਦੇਸ਼ ਨੂੰ ਕਮਜ਼ੋਰ ਕਰਨ ਦੀ ਨੀਤੀ 'ਤੇ ਕੰਮ ਕਰ ਰਿਹਾ ਹੈ, ਜਿਸ ਨਾਲ ਰੁਪਈਆ ਕਮਜ਼ੋਰ ਹੋਵੇਗਾ ਅਤੇ ਡਾਲਰ ਮਜ਼ਬੂਤ ਹੋਵੇਗਾ। ਇਸ ਲਈ ਇਹ ਸਾਰਾ ਕੁਝ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਦਬਾਓ ਦੀ ਨੀਤੀ ਤਹਿਤ ਭਾਰਤ ਦੇ ਪ੍ਰਧਾਨ ਪਾਸੋਂ ਕਰਵਾ ਰਿਹਾ ਹੈ। ਕੋਟਲੀ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਸੂਬੇ ਅੰਦਰ ਰੋਜ਼ਾਨਾ ਕਤਲੇਆਮ, ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ, ਜਿਸ ਬਾਰੇ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੋਲ ਗ੍ਰਹਿ ਵਿਭਾਗ ਹੋਣ ਦੇ ਬਾਵਜੂਦ ਵੀ ਵਾਰਦਾਤਾਂ ਨਹੀਂ ਰੁਕ ਰਹੀਆਂ, ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਪੰਜਾਬ ਹੁਣ ਗੈਂਗਸਟਰਾਂ ਦੀ ਧਰਤੀ ਬਣਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਪੰਜਾਬ ਪੁਲਸ ਆਪਣਾ ਰੋਲ ਸਹੀ ਢੰਗ ਨਾਲ ਅਦਾ ਨਹੀਂ ਕਰ ਰਹੀ। ਲਿਹਾਜ਼ਾ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਆਮ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਵਿਚ ਰੁਝੀ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਕੰਮ ਲੋਕਾਂ ਦੇ ਜਾਨ-ਮਾਲ ਦੀ ਰੱਖਿਆ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣਾ ਹੁੰਦਾ ਹੈ, ਪਰ ਆਪ ਦੀ ਸਰਕਾਰ ਪੰਜਾਬੀਆਂ ਦੇ ਜਾਨ-ਮਾਲ ਦੀ ਰਾਖੀ ਕਰਨ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪੰਜਾਬੀਆਂ ਨੂੰ ਹਸਣ-ਹਸਾਉਣ ਲਈ ਚੁਟਕਲੇ ਸੁਣਾ ਕੇ ਚਲੇ ਜਾਂਦੇ ਹਨ ਜਿਨ੍ਹਾਂ ਦੇ ਭਾਸ਼ਣਾਂ ਵਿਚੋਂ ਵਿਕਾਸ ਅਤੇ ਪੰਜਾਬ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਕਿਸੇ ਯੋਜਨਾ ਦਾ ਕੋਈ ਜ਼ਿਕਰ ਨਹੀਂ ਹੁੰਦਾ। ਜਿਸ ਕਾਰਨ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੀ ਹਾਲਤ ਵਿਕਾਸ ਪੱਖੋਂ ਪਹਿਲਾਂ ਨਾਲ ਤਰਸਯੋਗ ਬਣੀ ਹੋਈ ਹੈ। ਉਥੇ ਹੀ ਪੜ੍ਹਿਆ ਲਿਖਿਆ ਨੌਜਵਾਨ ਬੇਰੋਜ਼ਗਾਰੀ ਦੀ ਦਲਦਲ ਵਿਚ ਧੱਸਦਾ ਜਾ ਰਿਹਾ ਹੈ ਅਤੇ ਜਿਹੜੀ ਸਰਕਾਰ ਭ੍ਰਿਸ਼ਟਾਚਾਰ ਮਾਮਲੇ ਵਿਚ ਜ਼ੀਰੋ ਟਾਲਰੈਂਸ ਦੀਆਂ ਗੱਲਾਂ ਕਰਦੀ ਸੀ, ਉਸ ਵਿਚ ਵੀ ਫੇਲ੍ਹ ਨਜ਼ਰ آ ਰਹੀ ਹੈ।

ਰਾਇਜ਼ਾਦਾ ਹੰਸਰਾਜ ਸਟੇਡਿਯਮ ਨੂੰ ਸੋਲਰ ਪਾਵਰ ਪਲਾਂਟ ਲਈ 13.48 ਲੱਖ ਰੁਪਏ ਦੀ ਗ੍ਰਾਂਟ

ਜਲੰਧਰ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਰਾਜ ਸਭਾ ਸਾਂਸਦ ਅਤੇ ਭਾਰਤ ਦੇ ਸਾਬਕਾ ਕ੍ਰਿਕਟਰ ਸ. ਹਰਭਜਨ ਸਿੰਘ ਨੇ ਜਲੰਧਰ ਦੇ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡਿਯਮ ਵਿੱਚ ਸੋਲਰ ਪਾਵਰ ਪਲਾਂਟ ਲਗਾਉਣ ਲਈ ਆਪਣੇ ਐਮਪੀ ਫੰਡ ਤੋਂ 13.48 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਕੀਤੀ ਹੈ।

ਸੋਲਰ ਪਾਵਰ ਪ੍ਰੋਜੈਕਟ ਦਾ ਪ੍ਰਸਤਾਵ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਅਨੁਮਾਨ ਦੇ ਨਾਲ ਭੇਜਿਆ ਗਿਆ ਸੀ। ਪੰਜਾਬ ਵਿੱਚ ਖੇਡਾਂ ਦੇ ਵਿਕਾਸ ਲਈ ਲਗਾਤਾਰ ਸਹਿਯੋਗ ਦੇਣ ਵਾਲੇ ਸਾਂਸਦ ਸ. ਹਰਭਜਨ ਸਿੰਘ ਨੇ ਇਸ ਪ੍ਰੋਜੈਕਟ ਨੂੰ ਤੁਰੰਤ ਮਨਜ਼ੂਰੀ ਦੇ ਦਿੱਤੀ। ਇਹ ਪਹਿਲੀ ਵਾਰ ਨਹੀਂ ਹੈ ਕਿ ਸਾਂਸਦ ਵੱਲੋਂ ਐਸੋਸੀਏਸ਼ਨ ਨੂੰ ਆਰਥਿਕ ਮਦਦ ਦਿੱਤੀ ਗਈ ਹੋਵੇ। ਸਾਲ 2023 ਵਿੱਚ ਉਨ੍ਹਾਂ ਨੇ ਇਸੇ ਸਟੇਡਿਯਮ ਵਿੱਚ ਜਿਮ ਦੇ ਲਈ 16.50 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਸੀ।

ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਰਿਤਿਨ ਖੰਨਾ ਨੇ ਕਿਹਾ ਕਿ ਸ. ਹਰਭਜਨ ਸਿੰਘ ਨਾਲ ਮੁਲਾਕਾਤ ਹਮੇਸ਼ਾ ਵਧੀਆ ਹੁੰਦੀ ਹੈ। ਉਨ੍ਹਾਂ ਦੱਸਿਆ ਕਿ 2023 ਵਿੱਚ ਸਾਂਸਦ ਨੇ ਸਟੇਡਿਯਮ ਦੇ ਜਿਮ ਲਈ ਸਹਿਯੋਗ ਦਿੱਤਾ ਸੀ ਅਤੇ ਉਸ ਵੇਲੇ ਵੀ ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਵੀ ਲੋੜ ਹੋਵੇ, ਸੰਪਰਕ ਕਰ ਲੈਣਾ। ਖੰਨਾ ਨੇ ਕਿਹਾ ਕਿ ਸ. ਹਰਭਜਨ ਸਿੰਘ ਦਾ ਇਸ ਸਟੇਡਿਯਮ ਨਾਲ ਖਾਸ ਲਗਾਵ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਇੱਥੇ ਬੈਡਮਿੰਟਨ ਖੇਡੀ ਅਤੇ ਟ੍ਰੇਨਿੰਗ ਕਿੱਤੀ ਸੀ। ਸਾਂਸਦ ਨੇ ਇਹ ਭਰੋਸਾ ਵੀ ਦਿੱਤਾ ਹੈ ਕਿ ਅਗਲੀ ਵਾਰ ਸ਼ਹਿਰ ਆਉਣ 'ਤੇ ਉਹ ਸਟੇਡਿਯਮ ਦਾ ਦੌਰਾ ਕਰਨਗੇ। ਰਿਤਿਨ ਖੰਨਾ ਨੇ ਗ੍ਰਾਂਟ ਮਨਜ਼ੂਰ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਸ. ਅਮਰਜੀਤ ਸਿੰਘ ਦਾ ਧੰਨਵਾਦ ਕੀਤਾ।

ਖੰਨਾ ਨੇ ਕਿਹਾ, ਸੋਲਰ ਪਾਵਰ ਪਲਾਂਟ ਲੱਗਣ ਨਾਲ ਬਿਜਲੀ ਦੇ

ਕੈਬੀਨਟ ਵੱਲੋਂ 18,509 ਕਰੋੜ ਰੁਪਏ ਦੇ ਪ੍ਰਾਜੈਕਟਾਂ ਨੂੰ ਮਨਜ਼ੂਰੀ

ਦਿੱਲੀ, ਹਰਿਆਣਾ, ਮਹਾਰਾਸ਼ਟਰ ਅਤੇ ਕਰਨਾਟਕ ਵਿੱਚ ਵਿਛਾਈਆਂ ਜਾਣਗੀਆਂ ਨਵੀਆਂ ਰੇਲ ਲਾਈਨਾਂ; ਲੱਖਾਂ ਲੋਕਾਂ ਨੂੰ ਮਿਲੇਗਾ ਫਾਇਦਾ

ਨਵੀਂ ਦਿੱਲੀ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਰੇਲਵੇ ਮੰਤਰਾਲੇ ਦੇ ਤਿੰਨ ਵੱਡੇ ਮਲਟੀ-ਟ੍ਰੈਕਿੰਗ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਨ੍ਹਾਂ 'ਤੇ ਲਗਪਗ 18,509 ਕਰੋੜ ਰੁਪਏ ਦੀ ਲਾਗਤ ਆਵੇਗੀ।

ਇਨ੍ਹਾਂ ਪ੍ਰਾਜੈਕਟਾਂ ਵਿੱਚ ਕਸਾਰਾ-ਮਨਮਾਡ, ਦਿੱਲੀ-ਅੰਬਾਲਾ ਅਤੇ ਬਲਾਰੀ-ਹੋਸਾਪੇਟ ਵਿਚਕਾਰ ਤੀਜੀ ਅਤੇ ਚੌਥੀ ਰੇਲਵੇ ਲਾਈਨ ਵਿਛਾਉਣਾ ਸ਼ਾਮਲ ਹੈ। ਇਸ ਨਾਲ ਰੇਲਵੇ ਨੈੱਟਵਰਕ 389 ਕਿਲੋਮੀਟਰ ਵਧਾਇਆ ਜਾਵੇਗਾ ਜੋ ਦਿੱਲੀ, ਹਰਿਆਣਾ, ਮਹਾਰਾਸ਼ਟਰ ਅਤੇ ਕਰਨਾਟਕ ਦੇ 12 ਜ਼ਿਲ੍ਹਿਆਂ ਨੂੰ ਕਵਰ ਕਰੇਗਾ। ਇਸ ਕਦਮ ਨਾਲ ਰੇਲਗੱਡੀਆਂ ਦੀ ਆਵਾਜਾਈ ਵਿੱਚ ਤੇਜ਼ੀ ਆਵੇਗੀ, ਭੀੜ ਘਟੇਗੀ ਅਤੇ ਭਾਰਤੀ ਰੇਲਵੇ ਦੀ ਕਾਰਜਪ੍ਰਣਾਲੀ ਵਿੱਚ ਸੁਧਾਰ ਹੋਵੇਗਾ।

ਇਹ ਪ੍ਰਾਜੈਕਟ ਪ੍ਰਧਾਨ ਮੰਤਰੀ ਦੇ ਨਵੇਂ ਭਾਰਤ ਅਤੇ ਆਤਮਨਿਰਭਰ ਭਾਰਤ ਦੇ ਸੁਪਨੇ ਅਨੁਸਾਰ ਹਨ ਜਿਸ ਨਾਲ ਸਰਵਪੱਖੀ ਵਿਕਾਸ ਰਾਹੀਂ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇਨ੍ਹਾਂ ਯੋਜਨਾਵਾਂ ਨੂੰ ਪੀਐਮ-ਗਤੀ ਸ਼ਕਤੀ ਨੈਸ਼ਨਲ ਮਾਸਟਰ ਪਲਾਨ ਤਹਿਤ ਤਿਆਰ ਕੀਤਾ ਗਿਆ ਹੈ ਤਾਂ ਕਿ ਵੱਖ-ਵੱਖ ਆਵਾਜਾਈ ਸਾਧਨਾਂ ਦੇ ਆਪਸੀ ਤਾਲਮੇਲ ਅਤੇ ਮਾਲ ਦੀ ਢੋਆ-ਢੁਆਈ ਨੂੰ ਬਿਹਤਰ ਬਣਾਇਆ ਜਾ ਸਕੇ। ਇਸ ਪ੍ਰਾਜੈਕਟ ਰਾਹੀਂ 3,902 ਪਿੰਡਾਂ ਨੂੰ ਸਿੱਧਾ ਫਾਇਦਾ ਹੋਵੇਗਾ, ਜਿਸ ਨਾਲ ਲਗਪਗ 97 ਲੱਖ ਦੀ ਆਬਾਦੀ ਨੂੰ ਬਿਹਤਰ ਸੰਪਰਕ ਮਿਲੇਗਾ।

ਇਸ ਵਿਸਥਾਰ ਨਾਲ ਦੇਸ਼ ਦੇ ਕਈ ਪ੍ਰਮੁੱਖ ਸੈਰ-ਸਪਾਟਾ ਅਤੇ ਧਾਰਮਿਕ ਸਥਾਨਾਂ ਜਿਵੇਂ ਕਿ ਤ੍ਰਿੰਬਕੇਸ਼ਵਰ ਜਯੋਤਿਰਲਿੰਗ, ਮਾਤਾ ਵੈਸ਼ਨੋ ਦੇਵੀ, ਹੰਪੀ (ਯੂਨੈਸਕੋ ਵਿਸ਼ਵ ਵਿਰਾਸਤ ਸਥਾਨ) ਅਤੇ ਤੁੰਗਭਦਰਾ ਡੈਮ ਤੱਕ ਪਹੁੰਚਣਾ ਆਸਾਨ ਹ�و ਜਾਵੇਗਾ।

ਇਸ ਤੋਂ ਇਲਾਵਾ ਇਹ ਰੂਟ ਕੋਲਾ, ਸਟੀਲ, ਅਨਾਜ ਅਤੇ ਖਾਦਾਂ ਵਰਗੀਆਂ ਜ਼ਰੂਰੀ ਵਸਤੂਆਂ ਦੀ ਢੋਆ-ਢੁਆਈ ਲਈ ਬਹੁਤ ਮਹੱਤਵਪੂਰਨ ਹਨ। ਵਾਤਾਵਰਨ ਪੱਖੋਂ ਵੀ ਇਹ ਪ੍ਰਾਜੈਕਟ ਬਹੁਤ ਲਾਹੇਵੰਦ ਸਾਬਤ ਹੋਣਗੇ ਕਿਉਂਕਿ ਇਸ ਨਾਲ 22 ਕਰੋੜ ਲਿਟਰ ਤੇਲ ਦੀ ਦਰਾਮਦ ਵਿੱਚ ਕਮੀ ਆਵੇਗੀ ਅਤੇ ਕਾਰਬਨ ਨਿਕਾਸ ਵਿੱਚ 111 ਕਰੋੜ ਕਿਲੋ ਦੀ ਕਟੌਤੀ ਹੋਵੇਗੀ ਜੋ 4 ਕਰੋੜ ਦਰੱਖਤ ਲਗਾਉਣ ਦੇ ਬਰਾਬਰ ਹੈ।

ਮੋਦੀ ਵੱਲੋਂ ਉੱਤਰ-ਪੂਰਬ ਦੀ ਪਹਿਲੀ ਐਮਰਜੈਂਸੀ ਲੈਂਡਿੰਗ ਸਹੂਲਤ 'ਤੇ ਇਤਿਹਾਸਕ ਲੈਂਡਿੰਗ

ਗੁਹਾਟੀ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਨੂੰ ਅਸਾਮ ਦੇ ਡਿਬਰੂਗੜ੍ਹ ਜ਼ਿਲ੍ਹੇ ਵਿੱਚ C-AC0J ਜਹਾਜ਼ ਰਾਹੀਂ ਉੱਤਰ-ਪੂਰਬ ਦੀ ਪਹਿਲੀ ਐਮਰਜੈਂਸੀ ਲੈਂਡਿੰਗ ਫੈਸੀਲਿਟੀ (ELF) 'ਤੇ ਇਤਿਹਾਸਕ ਲੈਂਡਿੰਗ ਕੀਤੀ। ਮੋਦੀ ਆਪਣੇ ਪਹੁੰਚਣ ਤੋਂ ਬਾਅਦ ਚਾਬੂਆ ਏਅਰਫੀਲਡ ਤੋਂ ਰਵਾਨਾ ਹੋਏ ਅਤੇ ਨੈਸ਼ਨਲ ਹਾਈਵੇਅ-37 ਦੇ ਇੱਕ ਹਿੱਸੇ 'ਤੇ ਮੋਰਾਨ ਵਿਖੇ ELF 'ਤੇ ਉੱਤਰੇ।

ਅਧਿਕਾਰੀਆਂ ਨੇ ਦੱਸਿਆ ਕਿ ਮੋਰਾਨ ਬਾਈਪਾਸ 'ਤੇ 4.2 ਕਿਲੋਮੀਟਰ ਮਜ਼ਬੂਤ ਕੀਤੇ ਗਏ ਇਸ 100 ਕਰੋੜ ਰੁਪਏ ਦੇ ELF ਦਾ ਉਦਘਾਟਨ ਪ੍ਰਧਾਨ ਮੰਤਰੀ ਦੁਆਰਾ ਕੀਤਾ ਗਿਆ, ਜੋ ਕਿ ਭਾਰਤੀ ਹਵਾਈ ਸੈਨਾ (916) ਦੇ ਲੜਾਕੂ ਜਹਾਜ਼ਾਂ ਅਤੇ ਮਾਲਵਾਹਕ ਜਹਾਜ਼ਾਂ ਲਈ ਇੱਕ ਰਣਨੀਤਕ ਅਤੇ ਬਹੁ-ਕਾਰਜਕਾਰੀ ਰਨਵੇ ਵਜੋਂ ਕੰਮ ਕਰੇਗਾ, ਜਿਸ ਨਾਲ ਰੱਖਿਆ, ਲੌਜਿਸਟਿਕਸ ਅਤੇ ਆਫ਼ਤ ਪ੍ਰਬੰਧਨ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਇਹ ਸਹੂਲਤ ਨਾਗਰਿਕ ਅਤੇ ਫੌਜੀ ਦੋਵਾਂ ਵਰਤੋਂ ਲਈ ਤਿਆਰ ਕੀਤੀ ਗਈ ਹੈ, ਜੋ ਐਮਰਜੈਂਸੀ ਦੀ ਸਥਿਤੀ ਵਿੱਚ ਡਿਬਰੂਗੜ੍ਹ ਹਵਾਈ ਅੱਡੇ ਦੇ ਬਦਲ ਵਜੋਂ ਕੰਮ ਕਰੇਗੀ। ਪ੍ਰਧਾਨ ਮੰਤਰੀ ਦਾ ELF 'ਤੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ, ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ, ਏਅਰ ਚੀਫ ਮਾਰਸ਼ਲ ਏ.ਪੀ.ਸਿੰਘ ਅਤੇ ਅਸਾਮ ਕੈਬਨਿਟ ਦੇ ਹੋਰ ਮੰਤਰੀਆਂ ਨੇ ਸਵਾਗਤ ਕੀਤਾ।

ਮੁੱਖ ਮੰਤਰੀ ਨੇ ਐਕਸ (X) 'ਤੇ ਪੋਸਟ ਕੀਤਾ,÷ਇਹ ਬਹੁਤ ਮਾਣ ਵਾਲੀ ਗੱਲ ਹੈ, ਮੈਂ ਆਦਰਯੋਗ @narendramodiji ਦਾ ਅਸਾਮ ਵਿੱਚ ਸਵਾਗਤ ਕਰਦਾ ਹਾਂ। ਪ੍ਰਧਾਨ ਮੰਤਰੀ ਜੀ ਦਾ ਹਰ ਦੌਰਾ ਅਸਾਮ ਲਈ ਇਤਿਹਾਸਕ ਪ੍ਰਾਪਤੀਆਂ ਨਾਲ ਭਰਿਆ ਹੁੰਦਾ ਹੈ ਕਿਉਂਕਿ ਰਾਜ ਇੱਕ #AtalAvichalAgragami ਅਸਾਮ ਬਣਨ ਵੱਲ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ।

ਐਰੋ ਸ਼ੋਅ 'ਚ ਹਵਾਈ ਜਹਾਜ ਮਾਡਲਾਂ ਦੇ ਕਰਤੱਬਾਂ ਨੇ ਕੀਲੇ ਦਰਸ਼ਕ

ਪਟਿਆਲਾ, 15 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਹੈਰੀਟੇਜ ਫੈਸਟੀਵਲ-2026 ਦੇ ਸਮਾਰੋਹਾਂ ਦੀ ਲੜੀ ਤਹਿਤ ਇਥੇ ਸੰਗਰੂਰ ਰੋਡ 'ਤੇ ਸਿਵਲ ਏਵੀਏਸ਼ਨ ਕਲੱਬ ਵਿਖੇ ਵੱਖ-ਵੱਖ ਹਵਾਈ ਜਹਾਜਾਂ ਦੇ ਮਾਡਲਾਂ ਵੱਲੋਂ ਦਿਖਾਏ ਗਏ ਕਰਤੱਬਾਂ ਨੇ ਖੂਬ ਤਾੜੀਆਂ ਬਟੋਰੀਆਂ। ਇਨ੍ਹਾਂ ਮਾਡਲ ਜਹਾਜਾਂ ਦੇ ਚਾਲਕਾਂ ਨੇ ਇਨ੍ਹਾਂ ਦੇ ਲੂਪ, ਰੋਲ, ਸਪਿੰਨ, ਲੋਅ ਪਾਸ, ਵਿੰਗ ਓਵਰ, ਨਾਇਫ਼ ਐਜ਼ ਅਤੇ ਕਈ ਹੋਰ ਕਰਤੱਬ ਦਿਖਾਏ, ਜਿਨ੍ਹਾਂ ਨੇ ਦਰਸ਼ਕਾਂ ਨੂੰ ਮੋਹ ਲਿਆ। ਇਸ ਸਮੇਂ ਸੈਸਨਾ-206 ਦੀ ਵਿਸ਼ੇਸ਼ ਉਡਾਣ ਸਮੇਤ ਰਿਮੋਟ ਕੰਟਰੋਲ ਕਾਰਾਂ ਦੇ ਕਰਤੱਬ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ।

ਇਸ ਸਮੇਂ ਮੁੱਖ ਮਹਿਮਾਨ ਵਜੋਂ ਪੁੱਜੇ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪਟਿਆਲਾ ਹੈਰੀਟੇਜ ਫੈਸਟੀਵਲ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਜੌੜਾਮਾਜਰਾ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਜੰਗ, ਯੁੱਧ ਨਸ਼ਿਆਂ ਵਿਰੁੱਧ ਵਿੱਚ ਹਿੱਸਾ ਪਾਉਣ ਲਈ ਅੱਗੇ ਆਉਣ।

ਐਰੋ ਮਾਡਲਿੰਗ ਦੇ ਨੋਡਲ ਅਫ਼ਸਰ ਤੇ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਨੇ ਡਿਪਟੀ ਕਮਿਸਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਹੋਏ ਇਸ ਸਮਾਰੋਹ ਦੀ ਸਫ਼ਲਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਸਮੁੱਚੀ ਟੀਮ ਦੀ ਸ਼ਲਾਘਾ ਕਰਦਿਆਂ ਪਟਿਆਲਾ ਏਵੀਏਸ਼ਨ ਕਲੱਬ ਦੇ ਚੀਫ਼ ਫ਼ਲਾਇੰਗ ਇੰਸਟ੍ਰਕਟਰ ਕੈਪਟਨ ਹਰਪ੍ਰੀਤ ਸਿੰਘ, ਪਟਿਆਲਾ ਐਰੋ ਮਾਡਲਿੰਗ ਐਸੋਸੀਏਸ਼ਨ, ਫੇਅਰਵਿੰਡ ਏਵੀਏਸ਼ਨ ਲੁਧਿਆਣਾ ਤੇ ਪੰਜਾਬ ਆਰ.ਸੀ. ਹੌਬੀਜ਼ ਲੁਧਿਆਣਾ ਵਲੋਂ ਦਿਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਪਟਿਆਲਾ ਦੀ ਵਿਰਾਸਤ ਸਾਡੇ ਆਪਸੀ ਭਾਈਚਾਰੇ ਤੇ ਫਿਰਕੂ ਇਕਸੁਰਤਾ ਦੀ ਇਕ ਖਾਸ ਉਦਾਹਰਣ ਹੈ ਅਤੇ ਇਸੇ ਲਈ ਹੈਰੀਟੇਜ ਫੈਸਟੀਵਲ ਸਾਡੀ ਅਮੀਰ ਵਿਰਾਸਤ ਨੂੰ ਦਰਸਾ ਰਿਹਾ ਹੈ। ਐਰੋ ਮਾਡਲਿੰਗ ਸ਼ੋਅ ਮੌਕੇ ਫੇਅਰਵਿੰਡ ਏਵੀਏਸ਼ਨ ਲੁਧਿਆਣਾ ਦੇ ਕੈਪਟਨ ਐਸ.ਐਸ. ਹਾਰਾ ਨੇ ਸੈਸਨਾ 206 ਜਹਾਜ ਦੇ ਕਰਤੱਬ ਦਿਖਾਉਂਦਿਆਂ ਕਾਗਜ਼ੀ ਫੁੱਲਾਂ ਦੀ ਵਰਖਾ ਕੀਤੀ। ਜਦਕਿ ਐਰੋ ਮਾਡਲਿੰਗ ਕਲੱਬ ਪਟਿਆਲਾ ਦੇ ਪ੍ਰਧਾਨ ਸ਼ਿਵਰਾਜ ਸਿੰਘ ਡਿੰਪੀ ਘੁੰਮਣ ਨੇ ਪਾਇਪਰ ਕੱਬ 88 ਇੰਚ ਵਿੰਗ ਸਪੈਨ ਦੇ ਲੂਪ ਰੋਲ, ਸਪਿੰਨ, ਵਿੰਗ ਓਵਰ ਤੇ ਹੋਰ ਕਰੱਤਬ ਦਿਖਾਏ। ਉਨ੍ਹਾਂ ਦੇ ਪੋਤਰੇ ਤੇ ਵਾਈ.ਪੀ.ਐਸ. ਦੇ ਵਿਦਿਆਰਥੀ ਮਨਕਰਨ ਸਿੰਘ ਨੇ ਟ੍ਰੈਡਰਾ ਕੱਬ ਦਾ ਮਾਡਲ ਉਡਾਇਆ ਤੇ ਜਹਾਜ ਦਾ ਲੂਪ, ਵਿੰਗਓਵਰ ਤੇ ਰੋਲ ਕਰਤੱਬ ਦਿਖਾਏ।

ਪਨੂੰ ਹੱਤਿਆ ਮਾਮਲਾ: ਨਿਖ਼ਿਲ ਗੁਪਤਾ ਨੂੰ 24 ਸਾਲ ਸਜ਼ਾ ਸਜ਼ਾ ਦਾ ਰਸਮੀ ਐਲਾਨ ਬਾਅਦ ਵਿਚ ਕੀਤਾ ਜਾਵੇਗਾ

ਨਿਊਯਾਰਕ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਖਾਲਿਸਤਾਨੀ ਪੱਖੀ ਅਤੇ ਸਿੱਖਸ ਫਾਰ ਜਸਟਿਸ' (SFJ) ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜ਼ਿਸ਼ ਦੇ ਮਾਮਲੇ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ 24 ਸਾਲ ਤਕ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਅਮਰੀਕੀ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। 54 ਸਾਲਾ ਨਿਖਿਲ ਗੁਪਤਾ ਨੇ ਨਿਊਯਾਰਕ ਦੀ ਮੈਨਹਟਨ ਫੈਡਰਲ ਅਦਾਲਤ ਵਿੱਚ ਮੰਨਿਆ ਕਿ ਉਹ ਇਸ ਸਾਜ਼ਿਸ਼ ਦਾ ਹਿੱਸਾ ਸੀ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ 24 ਸਾਲ ਤਕ ਦੀ ਕੈਦ ਦੀ ਸਜ਼ਾ ਸੁਣਾਈ ਹੈ ਜਿਸ ਦਾ ਰਸਮੀ ਐਲਾਨ 29 ਮਈ ਨੂੰ ਜੱਜ ਵਿਕਟਰ ਮਾਰੇਰੋ ਵੱਲੋਂ ਕੀਤਾ ਜਾਵੇਗਾ।



ਅਮਰੀਕੀ ਜਾਂਚ ਏਜੰਸੀ FBI ਅਤੇ ਨਿਆਂ ਵਿਭਾਗ ਮੁਤਾਬਕ ਨਿਖਿਲ ਗੁਪਤਾ 'ਤੇ ਦੋਸ਼ ਸੀ ਕਿ ਉਸ ਨੇ ਇੱਕ ਭਾਰਤੀ ਸਰਕਾਰੀ ਅਧਿਕਾਰੀ (ਜਿਸ ਦੀ ਪਛਾਣ ਵਿਕਾਸ ਯਾਦਵ ਵਜੋਂ ਹੋਈ ਸੀ) ਦੇ ਨਿਰਦੇਸ਼ਾਂ 'ਤੇ ਅਮਰੀਕੀ ਧਰਤੀ 'ਤੇ ਪੰਨੂ ਨੂੰ ਮਾਰਨ ਲਈ 1 ਲੱਖ ਡਾਲਰ ਦੀ ਸੁਪਾਰੀ ਦਿੱਤੀ ਸੀ। ਨਿਖਿਲ ਨੇ ਇਸ ਸਬੰਧੀ ਇੱਕ ਜਣੇ ਨਾਲ ਸੰਪਰਕ ਕੀਤਾ ਸੀ, ਜੋ ਅਸਲ ਵਿੱਚ ਅਮਰੀਕੀ ਏਜੰਸੀਆਂ ਦਾ ਇੱਕ ਅੰਡਰਕਵਰ ਏਜੰਟ ਨਿਕਲਿਆ। ਨਿਖਿਲ ਨੇ ਜੂਨ 2023 ਵਿੱਚ ਇਸ ਕੰਮ ਲਈ 15,000 ਡਾਲਰ ਦੀ ਐਡਵਾਂਸ ਰਕਮ ਵੀ ਅਦਾ ਕੀਤੀ ਸੀ।

ਨਿਖਿਲ ਗੁਪਤਾ 'ਤੇ ਮਰਡਰ-ਫਾਰ-ਹਾਇਰ (ਭਾੜੇ 'ਤੇ ਕਤਲ ਕਰਵਾਉਣਾ) ਪੰਨੂ ਨੂੰ ਮਾਰਨ ਲਈ ਪੈਸਿਆਂ ਦਾ ਲੈਣ-ਦੇਣ ਕਰਨਾ, ਇੱਕ ਅਮਰੀਕੀ ਨਾਗਰਿਕ ਦੀ ਜਾਨ ਲੈਣ ਦੀ ਯੋਜਨਾ ਵਿੱਚ ਸ਼ਾਮਲ ਹੋਣ, ਮਨੀ ਲਾਂਡਰਿੰਗ ਦੀ ਸਾਜ਼ਿਸ਼: ਕਤਲ ਦੇ ਕੰਮ ਲਈ ਪੈਸੇ ਦੀ ਗੈਰ-ਕਾਨੂੰਨੀ ਹੇਰਾਫੇਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ।

ਭਾਰਤੀ ਖਿਡਾਰੀਆਂ ਨਾਲ ਹੱਥ ਮਿਲਾਉਣ ਬਾਰੇ ਭਲਕ ਦੇਖਾਂਗੇ

ਕੋਲੰਬੋ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਟੀ-20 ਵਿਸ਼ਵ ਕੱਪ ਦਾ ਵੱਡਾ ਮੁਕਾਬਲਾ ਭਾਰਤ ਤੇ ਪਾਕਿਸਤਾਨ ਦਰਮਿਆਨ 15 ਫਰਵਰੀ ਨੂੰ ਹੋਵੇਗਾ। ਇਸ ਮੈਚ ਤੋਂ ਪਹਿਲਾਂ ਪਾਕਿਸਤਾਨੀ ਕਪਤਾਨ ਸਲਮਾਨ ਅਲੀ ਆਗਾ ਨੇ ਭਾਰਤੀ ਟੀਮ ਨਾਲ ਹੱਥ ਮਿਲਾਉਣ ਦੇ ਸਵਾਲ 'ਤੇ ਕੋਈ ਸਪਸ਼ਟ ਜਵਾਬ ਨਹੀਂ ਦਿੱਤਾ। ਉਨ੍ਹਾਂ ਸਿਰਫ਼ ਇੰਨਾ ਕਿਹਾ ਕਿ ਇਸ ਬਾਰੇ ਭਲਕ ਹੀ ਦੇਖਿਆ ਜਾਵੇਗਾ ਪਰ ਉਨ੍ਹਾਂ ਨੂੰ ਉਮੀਦ ਹੈ ਕਿ ਦੋਵੇਂ ਟੀਮਾਂ ਖੇਡ ਭਾਵਨਾ ਨੂੰ ਬਰਕਰਾਰ ਰੱਖਣਗੀਆਂ। ਦਰਅਸਲ ਇਹ ਵਿਵਾਦ ਪਿਛਲੇ ਸਾਲ ਸਤੰਬਰ ਵਿੱਚ ਦੁਬਈ ਵਿੱਚ ਹੋਏ ਏਸ਼ੀਆ ਕੱਪ ਦੌਰਾਨ ਸ਼ੁਰੂ ਹੋਇਆ ਸੀ ਜਦੋਂ ਭਾਰਤੀ ਕਪਤਾਨ ਸੂਰਿਆਕੁਮਾਰ ਯਾਦਵ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਟੀਮ ਪਾਕਿਸਤਾਨ ਨਾਲ ਹੱਥ ਨਹੀਂ ਮਿਲਾਏਗੀ। ਭਾਰਤ ਨੇ ਇਹ ਫੈਸਲਾ ਪਿਛਲੇ ਸਾਲ ਅਪਰੈਲ ਵਿੱਚ ਪਹਿਲਗਾਮ ਹਮਲੇ ਵਿੱਚ ਜਾਨ ਗੁਆਉਣ ਵਾਲੇ ਭਾਰਤੀ ਨਾਗਰਿਕਾਂ ਦੇ ਸਨਮਾਨ ਵਿੱਚ ਅਤੇ ਭਾਰਤੀ ਫੌਜ ਦੇ ਅਪਰੇਸ਼ਨ ਸਿੰਧੂਰ ਨਾਲ ਇਕਜੁੱਟਤਾ ਦਿਖਾਉਣ ਲਈ ਲਿਆ ਸੀ।

ਸਮਝਿਆ ਜਾ ਰਿਹਾ ਹੈ ਕਿ ਐਤਵਾਰ ਨੂੰ ਵੀ ਇਹੀ ਤਰੀਕਾ ਅਪਣਾਇਆ ਜਾਵੇਗਾ ਅਤੇ ਟਾਸ ਜਾਂ ਮੈਚ ਦੇ ਅੰਤ ਵਿੱਚ ਦੋਵੇਂ ਕਪਤਾਨ ਇੱਕ-ਦੂਜੇ ਨਾਲ ਹੱਥ ਨਹੀਂ ਮਿਲਾਉਣਗੇ। ਸਲਮਾਨ ਆਗਾ ਨੇ ਕਿਸੇ ਵੀ ਵਿਵਾਦ ਤੋਂ ਕਿਨਾਰਾ ਕਰਦੇ ਹੋਏ ਕਿਹਾ ਕਿ ਉਹ ਚਾਹੁੰਦੇ ਹਨ ਕਿ ਮੈਚ ਉਸੇ ਖੇਡ ਭਾਵਨਾ ਨਾਲ ਖੇਡਿਆ ਜਾਵੇ ਜਿਸ ਲਈ ਇਹ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਵਿਸ਼ਵ ਕੱਪ ਵਿੱਚ ਭਾਰਤ ਦੇ ਦਬਦਬੇ ਨੂੰ ਵੀ ਸਵੀਕਾਰ ਕਰਦਿਆਂ ਕਿਹਾ ਕਿ ਵਿਸ਼ਵ ਕੱਪ ਵਿੱਚ ਪਾਕਿਸਤਾਨ ਦਾ ਭਾਰਤ ਖਿਲਾਫ ਰਿਕਾਰਡ ਚੰਗਾ ਨਹੀਂ ਰਿਹਾ ਪਰ ਉਹ ਮੈਚ ਹਰ ਹਾਲ ਜਿੱਤਣਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸਪਿੰਨਰ ਉਸਮਾਨ ਤਾਰਿਕ ਨੂੰ ਆਪਣੀ ਟੀਮ ਦਾ 'ਟਰੰਪ ਕਾਰਡ' ਦੱਸਿਆ ਅਤੇ ਉਸ ਦੇ ਗੇਂਦਬਾਜ਼ੀ ਐਕਸ਼ਨ ਬਾਰੇ ਹੋ ਰਹੀਆਂ ਗੱਲਾਂ ਨੂੰ ਨਕਾਰਦਿਆਂ ਕਿਹਾ ਕਿ ਉਸ ਦਾ ਐਕਸ਼ਨ ਦੋ ਵਾਰ ਕਲੀਅਰ ਹੋ ਚੁੱਕਾ ਹੈ।

ਪਜਾਬ 'ਚ ਟੋਇਆਂ ਕਾਰਨ ਹੋਈਆਂ ਸਭ ਤੋਂ ਵੱਧ ਮੌਤਾਂ, ਅੰਕੜਾ ਚਿੰਤਾਜਨਕ

ਦੇਸ਼ 'ਚ ਸਾਲ 2023 ਅਤੇ 2024 ਵਿੱਚ ਕੁੱਲ ਸੜਕ ਹਾਦਸਿਆਂ ਵਿੱਚ 3,50,067 ਜਾਨਾਂ ਗਈਆਂ

ਨਵੀਂ ਦਿੱਲੀ, 15 ਫਰਵਰੀ
--ਕੌਮੀ ਪੱਤ੍ਰਿਕਾ ਬਿਊਰੋ-

ਸਾਲ 2020 ਤੋਂ 2024 ਦਰਮਿਆਨ ਪੂਰੇ ਉੱਤਰੀ ਭਾਰਤ ਵਿੱਚ ਸੜਕਾਂ ਦੇ ਟੋਇਆਂ ਕਾਰਨ ਹੋਏ ਹਾਦਸਿਆਂ ਵਿੱਚ 743 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਸੂਬੇ ਵਜੋਂ ਉਭਰਿਆ ਹੈ, ਜਿੱਥੇ ਕਿਕਾਰਡ 414 ਮੌਤਾਂ ਦਰਜ ਕੀਤੀਆਂ ਗਈਆਂ ਹਨ। ਲੋਕ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ ਕੇਂਦਰੀ ਸੜਕ ਅਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਦੱਸਿਆ ਕਿ ਇਸ ਖੇਤਰ ਵਿੱਚ ਟੋਇਆਂ ਕਾਰਨ ਹੋਏ 1,556 ਹਾਦਸਿਆਂ ਵਿੱਚੋਂ ਲਗਪਗ 48 ਫੀਸਦੀ

ਸ਼ਹਿਰੀ ਖੇਤਰਾਂ ਵਿੱਚ ਸਕੂਲ ਖੋਲਣ ਤਹਿਤ ਕੀਤਾ ਜਾਵੇਗਾ ਸਰਵੇ : ਮੁੱਖ ਮੰਤਰੀ

ਚੰਡੀਗੜ੍ਹ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਿਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸ਼ਹਿਰੀ ਖੇਤਰਾਂ ਵਿੱਚ ਵੱਧਦੀ ਹੋਈ ਆਬਾਦੀ ਤੇ ਖੇਤਰ ਦੇ ਮੱਦੇਨਜਰ ਬੱਚਿਆਂ ਦੀ ਸਿਖਿਆ ਮਹੁਇਆ ਕਰਵਾਉਣ ਲਈ ਸਕੂਲ ਖੋਲਣ ਤਹਿਤ ਸਰਵੇ ਕੀਤਾ ਜਾਵੇ ਤਾਂ ਜੋ ਸ਼ਹਿਰਾਂ ਵਿੱਚ ਬੱਚਿਆਂ ਨੂੰ ਲੰਬੀ ਦੂਰੀ ਤੈਅ ਕਰ ਕੇ ਸਕੂਲ ਨਾ ਜਾਣਾ ਪਵੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਬੁੱਧਵਾਰ ਨੂੰ ਰਾਜ ਪੱਧਰੀ ਦਿਸ਼ਾ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਸ਼ਣ ਲਾਲ ਪੰਵਾਰ, ਸਾਂਸਦ ਧਰਮਬੀਰ ਸਿੰਘ, ਨਵੀਨ ਜਿੰਦਲ ਸਮੇਤ ਕਈ ਵਿਧਾਇਕ ਵੀ ਮੌਜੂਦ ਰਹੇ। ਮੀਟਿੰਗ ਤੋਂ ਸਾਰੇ ਜਿਲ੍ਹਾ ਦੇ ਅਧਿਕਾਰੀ ਵੀ ਆਨਲਾਇਨ ਜੁੜੇ।

ਮੁੱਖ ਮੰਤਰੀ ਨੇ ਕਿਹਾ ਕਿ ਸਿਖਿਆ ਵਿਭਾਗ ਵੱਲੋਂ ਪਿਛਲੇ ਸਾਲ ਸਕੂਲ ਛੱਡ ਚੁੱਕੇ 34 ਹਜਾਰ ਬੱਚਿਆਂ ਵਿੱਚੋਂ 18796 ਬੱਚਿਆਂ ਨੂੰ 6 ਮਹੀਨੇ ਦੀ ਸਿਖਲਾਈ ਪ੍ਰਦਾਨ ਕੀਤੀ ਗਈ ਅਤੇ ਉਨ੍ਹਾਂ ਵਿੱਚੋਂ 15386 ਬੱਚਿਆਂ ਨੂੰ ਮੁੱਖਧਾਰਾ ਵਿੱਚ ਲਿਆਇਆ ਗਿਆ। ਇਸ ਤੋਂ ਇਲਾਵਾ ਸੈਕਟਰ 37 ਫਰੀਦਾਬਾਦ ਵਿੱਚ ਸਕੂਲ ਭਵਨ ਦਾ ਨਿਰਮਾਣ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਲਈ ਹਰ ਜਿਲ੍ਹਾ ਵਿੱਚ ਮਾਡਲ ਸੰਸਕ੍ਰਿਤੀ ਸਕੂਲ ਖੋਲੇ ਜਾ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਹਰ ਘਰ ਗ੍ਰਹਿਣੀ ਯੋਜਨਾ ਦਾ ਲਾਭ ਯੋਗ ਮਹਿਲਾਵਾਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾਵੇ। ਇਸ ਤੋਂ ਇਲਾਵਾ ਵਿਸ਼ੇਸ਼ਕਰ ਢਾਣੀਆਂ ਵਿੱਚ ਰਹਿਣ ਵਾਲੇ ਨਾਗਰਿਕਾਂ ਦੇ ਲਈ ਬਿਜਲੀ ਸੁਲਭ ਕਰਵਾਉਣ ਲਈ ਲੋਕਾਂ ਨੂੰ ਸੋਲਰ ਸਬਡਿਸੀ ਸਕੀਮਾਂ ਦੇ ਪ੍ਰਤੀ ਜਾਗਰੁਕ ਕੀਤਾ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੂੰ ਟੀਬੀ ਮੁਕਤ ਅਤੇ ਏਨੀਮਿਆ ਮੁਕਤ ਕਰਨ @ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਕੌਮੀ ਕ੍ਰਿਮੀ ਮੁਕਤ ਮੁਹਿੰਮ ਵਿੱਚ ਰਾਜ ਨੇ 98 ਫੀਸਦੀ ਕਵਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੂਬੇ ਵਿੱਚ ਨਿਯੂਰੋਪੈਥੀ ਸਹੂਲਤਾਂ ਵਧਾਈਆਂ ਜਾਣ ਤਾਂ ਜੋ ਨਾਗਰਿਕਾਂ ਨੂੰ ਬਿਤਹਰ ਸਿਹਤ ਲਾਭ ਮਿਲੇ। ਜਨਔਸ਼ਧੀ ਕੇਂਦਰ ਖੋਲਣ @ਤੇ ਜੋਰ ਦਿੱਤਾ ਜਾਵੇ ਤਾਂ ਜੋ ਨਾਗਾਰਿਕਾਂ ਨੂੰ ਸਹੀ ਮੁੱਲ @ਤੇ ਦਵਾਈਆਂ ਸੁਲਭ ਹੋ ਸਕਣ।

ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਸਮੀਖਿਆ ਕਰਦੇ ਹੋਏ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਵਿੱਚ 98726 ਮਕਾਨ ਬਨਾਉਣ ਦੇ ਟੀਚੇ ਅਨੁਸਾਰ 652 ਕਰੋੜ ਰੁਪਏ ਦੀ ਰਕਮ ਤੋਂ 76275 ਮਕਾਨ ਮੰਜੂਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿੱਚੋਂ 41491 ਪੂਰੇ ਹੋ ਚੁੱਕੇ ਹਨ ਅਤੇ ਬਾਕੀ ਨਿਰਮਾਣਧੀਨ ਹਨ। ਇਸੀ ਤਰ੍ਹਾ ਪ੍ਰਧਾਨ ਮੰਤਰੀ ਆਵਾਸ ਯੋਜਨਾ ਸ਼ਹਿਰੀ ਯੋਜਨਾ ਵਿੱਚ 67649 ਮਕਾਨ ਬਣਾਏ ਜਾਣਗੇ। ਇਸ ਵਿੱਚੋਂ 703 ਕਰੋੜ ਰੁਪਏ ਦੀ ਲਾਗਤ ਨਾਲ 33690 ਮਕਾਨ ਬਣਾਏ ਜਾ ਚੁੱਕੇ ਹਨ।

ਉਨ੍ਹਾਂ ਨੇ ਕਿਹਾ ਕਿ ਡਾ. ਬੀ ਆਰ ਅੰਬੇਦਕਰ ਆਵਾਸ ਯੋਜਨਾ ਤਹਿਤ ਦਿੱਤੀ ਜਾਣ ਵਾਲੀ ਸਹਾਇਤਾ ਰਕਮ ਲਈ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਦੀ ਬਿਨੈ ਪ੍ਰਕ੍ਰਿਆ ਜਲਦੀ ਪੂਰੀ ਕੀਤੀ ਜਾਵੇ ਤਾਂ ਜੋ ਯੋਗ ਲੋਕਾਂ ਨੂੰ ਅਗਲੇ ਮਹੀਨੇ ਰਕਮ ਮਹੁਇਆ ਕਰਵਾਈ ਜਾ ਸਕੇ। ਇਸ ਤੋਂ ਇਲਾਵਾ, ਨੌਜੁਆਨਾਂ ਲਈ ਅੰਬਾਲਾ ਵਿੱਚ ਸਟੇਟ ਸੈਂਟਰਲ ਅਲਾਇਬ੍ਰੇਰੀ ਅਤੇ ਨਾਰਨੌਲ ਵਿੱਚ ਜਿਲ੍ਹਾ ਲਾਇਬ੍ਰੇਰੀ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਜਲ ਸ਼ਕਤੀ ਮੁਹਿੰਮ ਦੀ ਸਮੀਖਿਆ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਜਲਭਰਾਵ ਵਾਲੇ ਖੇਤਰਾਂ ਵਿੱਚ ਵਾਟਰ ਬਾਡੀ ਬਨਾਉਣ ਲਈ ਯੋਜਨਾ ਬਣਾਈ ਜਾਵੇ ਤਾਂ ਜੋ ਜਰੂਰਤ ਅਨੁਸਾਰ ਜਲ੍ਹ ਦੀ ਵਰਤੋਂ ਕੀਤੀ ਜਾ ਸਕੇ। ਇਸ ਦੇ ਲਈ ਪਿੰਡ ਪੰਚਾਇਤਾਂ ਤੋਂ ਪ੍ਰਸਤਾਵ ਮੰਗੇ ਜਾਣ। ਉਨ੍ਹਾਂ ਨੇ ਕਿਹਾ ਕਿ ਹਿਸਾਰ ਡ੍ਰੇਨ ਤੇ ਭਿਵਾਨੀ ਡ੍ਰੇਨ ਨੂੰ ਡੁੰਘਾ ਕਰ ਵਿਸਤਾਰੀਕਰਣ ਕੀਤਾ ਜਾਵੇਗਾ। ਇਸ ਦੀ ਪ੍ਰਕ੍ਰਿਆ ੧ਲਦੀ ਹੀ ਪੂਰੀ ਕਰ ਲਈ ਜਾਵੇਗੀ।

ਅੰਮ੍ਰਿਤ ਯੋਜਨ-2 ਦੀ ਸਮੀਖਿਆ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਤਹਿਤ 27 ਜਲ੍ਹ ਅਤੇ 9 ਸੀਵਰੇਜ ਪਰਿਯੋਜਨਾਵਾਂ ਚੱਲ ਰਹੀਆਂ ਹਨ ਜਿਨ੍ਹਾਂ ਨੇ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ ਲਗਭਗ 59 ਵੱਡੇ ਪਿੰਡਾਂ ਵਿੱਚ ਮਹਾਗ੍ਰਾਮ ਯੋਜਨਾ ਤਹਿਤ ਸੀਵਰੇਜ ਅਤੇ ਨਵੀਂ ਨਗਰਪਾਲਿਕਾਵਾਂ ਵਿੱਚ ਵੀ ਸੀਵਰੇਜ ਅਤੇ ਪੇਯਜਲ ਯੋਜਨਾਂਵਾਂ @ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਵੱਛ ਭਾਰਤ ਮਿਸ਼ਨ ਤਹਿਤ 66 ਹਜਾਰ ਪਖਾਨੇ ਦਾ ਨਿਰਮਾਣ ਕੀਤਾ ਗਿਆ ਅਤੇ ਨਾਲ ਹੀ ਸ਼ਹਿਰੀ ਅਤੇ ਪਿੰਡਾਂ ਦੀ ਸਵੱਛਤਾ @ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਖੇਡ ਵਿਭਾਗ ਵੱਲੋਂ 257 ਖੇਡ ਸਟੇਡੀਅਮ ਦੇ ਨਵੀਨੀਕਰਣ @ਤੇ 314 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾ ਰਹੀ ਹੈ ਅਤੇ ਗ੍ਰਾਮੀਣ ਖੇਤਰਾਂ ਵਿੱਚ 1025 ਵਿਯਾਮਸ਼ਾਲਾਵਾਂ ਅਤੇ ਇਨਡੋਰ ਜਿਮ ਬਣਾਏ ਗਏ ਹਨ। ਵਿਯਾਮਸ਼ਾਲਾਵਾਂ ਵਿੱਚ ਟ੍ਰੈਕ ਨਿਰਮਾਣ ਨੂੰ ਪ੍ਰਾਥਮਿਕਤਾ ਪ੍ਰਦਾਨ ਕੀਤੀ ਜਾ ਰਹੀ ਹੈ ਤਾਂ ਜੋ ਗ੍ਰਾਮੀਣ ਖੇਤਰਾਂ ਵਿੱਚ ਮਹਿਲਾਵਾਂ ਨੂੰ ਸੈਰ ਲਈ ਬਿਹਤਰ ਸਥਾਨ ਸੁਲਭ ਹੋ ਸਕੇ। ਮੀਮਿੰਗ ਵਿੱਚ ਹੋਰ ਵਿਭਾਗਾਂ ਦੀ ਵੀ ਵਿਸਤਾਰ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ।

ਇਸ ਮੌਕੇ @ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਅਰੁਣ ਗੁਪਤਾ, ਵਧੀਕ ਪ੍ਰਧਾਨ ਸਕੱਤਰ ਡਾ. ਸਾਕੇਤ ਕੁਮਾਰ, ਵਧੀਕ ਮੁੱਖ ਸਕੱਤਰ ਰਾਜਾ ਸ਼ੇਖਰ ਵੁੰਡਰੂ, ਵਿਨੀਤ ਗਰਗ, ਜੀ ਅਨੁਪਮਾ, ਅਨੁਰਾਗ ਅਗਰਵਾਲ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

ਸੂਰਜਕੁੰਡ ਕੌਮਾਂਤਰੀ ਸਵੈ-ਨਿਰਭਰ ਸ਼ਿਲਪ ਮੇਲੇ ਵਿੱਚ ਸੈਲਾਨੀ ਦਾ ਮਨ ਮੋਹ ਰਹੀ ਬਹੁਸਾਂਸਕ੍ਰਿਤਿਕ ਛਠਾ

ਚੰਡੀਗੜ੍ਹ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

39ਵੇਂ ਸੂਰਜਕੁੰਡ ਕੌਮਾਂਤਰੀ ਸਵੈ-ਨਿਰਭਰ ਸ਼ਿਲਪ ਮਹੋਤਸਵ-2026 ਮੇਲੇ ਵਿੱਚ ਉਮੜੇ ਦੇਸ਼-ਵਿਦੇਸ਼ ਦੇ ਸੈਲਾਨੀ ਇੱਥੇ ਦੀ ਬਹੁਸਾਂਸਕ੍ਰਿਤਿਕ ਵਿਰਾਸਤ ਅਤੇ ਜੀਵੰਤ ਮਾਹੌਲ ਦਾ ਭਰਪੂਰ ਆਂਨੰਦ ਮਾਣ ਰਹੇ ਹਨ। ਮੇਲੇ ਵਿੱਚ ਆਏ ਲੋਕਾਂ ਦੇ ਚੇਹਰੇ @ਤੇ ਉਤਸਾਹ, ਜਿਗਿਆਸਾ ਅਤੇ ਖ਼ੁਸ਼ੀ ਸਾਫ਼ ਝਲਕ ਵਿਖਾਈ ਦੇ ਰਹੀ ਹੈ ਜਿਸ ਨੂੰ ਕੈਂਡਿਡ ਫੋਟੋਗ੍ਰਾਫਸ ਰਾਹੀਂ ਖੂਬਸੂਰਤੀ ਨਾਲ ਕੈਦ ਕੀਤਾ ਗਿਆ ਹੈ।

ਸਵੈ-ਨਿਰਭਰ ਸ਼ਿਲਪ ਮਹੋਤਸਵ ਵਿੱਚ ਵੱਖ ਵੱਖ ਰਾਜਿਆਂ ਅਤੇ ਦੇਸ਼ਾਂ ਦੀ ਪਾਰੰਪਰਿਕ ਕਲਾਵਾਂ, ਦਸਤਕਾਰੀ, ਲੋਕ ਸੰਗੀਤ, ਨਾਚ ਅਤੇ ਸਾਂਸਕ੍ਰਿਤਿਕ ਪੇਸ਼ਕਾਰੀ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਰਹੀਆਂ ਹਨ। ਕਿਤੇ ਮਿੱਟੀ, ਲਕੜੀ, ਧਾਤੂ ਅਤੇ ਕਪੜਿਆਂ ਨਾਲ ਬਣੀ ਕਲਾਕ੍ਰਿਤਿਆਂ ਲੋਕਾਂ ਨੂੰ ਮੋਹ ਰਹੀਆਂ ਹਨ ਤਾਂ ਕਿਤੇ ਕਲਾਕਾਰ ਆਪਣੀ ਜੀਵੰਤ ਪ੍ਰਸਤੂਤੀ ਨਾਲ ਦਰਸ਼ਕਾਂ ਦਾ ਮਨ ਮੋਹ ਰਹੇ ਹਨ।

ਮੇਲਾ ਇਸ ਸਾਲ ਵੀ ਦੇਸ਼-ਵਿਦੇਸ਼ ਤੋਂ ਆਏ ਸੈਲਾਨਿਆਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਮੇਲੇ ਵਿੱਚ ਵੱਖ ਵਖ ਰਾਜਿਆਂ ਦੀ ਪਾਰੰਪਰਿਕ ਕਲਾ, ਦਸਤਕਾਰੀ ਅਤੇ ਡ੍ਰੈਸਾਂ ਦੀ ਸ਼ਾਨਦਾਰ ਝਲਕ ਵੇਖਣ ਨੂੰ ਮਿਲ ਰਹੀ ਹੈ। ਸਾਲ 2026 ਦੇ ਮੇਲੇ ਵਿੱਚ ਥੀਮ ਸਟੇਟ ਉਤਰ ਪ੍ਰਦੇਸ਼ ਦੇ ਸਟਾਲ ਵਿਸ਼ੇਸ਼ ਤੌਰ ਨਾਲ ਚਰਚਾ ਵਿੱਚ ਹੈ, ਜਿੱਥੇ ਪਾਰੰਪਰਿਕ ਸ਼ਿਲਪ ਅਤੇ ਆਧੁਨਿਕ ਫੈਸ਼ਨ ਦਾ ਅਨੋਖਾ ਸੰਗਮ ਵੇਖਣ ਨੂੰ ਮਿਲ ਰਿਹਾ ਹੈ।

ਮੇਲੇ ਵਿੱਚ ਪਹੁੰਚ ਰਹੇ ਸੈਲਾਨਿਆਂ ਅਤੇ ਖਰੀਦਾਰਾਂ ਦਾ ਕਹਿਣਾ ਹੈ ਕਿ ਇੱਥੇ ਉਪਲਬਧ ਡ੍ਰੇਸਾਂ ਵਿੱਚ ਸ਼ਾਨਦਾਰ ਕਪੜਾ, ਬੇਹਤਰੀਨ ਸਿਲਾਈ, ਖਿੱਚਵੇਂ ਰੰਗ ਅਤੇ ਕਿਫਾਇਤੀ ਕੀਮਤ ਦਾ ਬੇਹਤਰੀਨ ਤਾਲਮੇਲ ਵੇਖਣ ਨੂੰ ਮਿਲਦਾ ਹੈ। ਕਈ ਖਰੀਦਾਰਾਂ ਨੇ ਦੱਸਿਆ ਕਿ ਉਹ ਇਨ੍ਹਾਂ ਰੇਡੀਮੇਡ ਸੂਟ ਅਤੇ ਕੁਰਤੀ ਨੂੰ ਰੁਜਾਨਾ ਪਹਿਨਾਵੇ ਦੇ ਨਾਲ ਨਾਲ ਤਿਉਹਾਰਾਂ ਅਤੇ ਵਿਸ਼ੇਸ਼ ਮੌਕਿਆਂ ਲਈ ਵੀ ਖਰੀਦ ਰਹੇ ਹਨ।

ਮੇਲੇ ਵਿੱਚ ਹਰਿਆਣਵੀ ਲੋਕ ਕਲਾਕਾਰ ਆਪਣੀ ਬੀਨ ਅਤੇ ਬਾਜੇ ਦੀ ਮੀਠੀ ਧੁਨ ਅਤੇ ਥਾਪ ਨਾਲ ਦੇਸ਼-ਵਿਦੇਸ਼ ਤੋਂ ਆਏ ਸੈਲਾਨਿਆਂ ਨੂੰ ਮੋਹ ਰਹੇ ਹਨ।

ਮੇਲਾ ਕਾਂਪਲੈਕਸ ਵਿੱਚ ਗੂੰਜਦੀ ਬੀਨ ਦੀ ਸੁਮਧੁਰ ਧੁਨ ਅਤੇ ਫੋਲ-ਨਗਾੜਿਆਂ ਦੀ ਤਾਲ ਨੇ ਮੇਲਾ ਕਾਂਪਲੈਕਸ ਦੇ ਵਾਤਾਵਰਨ ਨੂੰ ਜੀਵੰਤ ਬਣਾ ਦਿੱਤਾ ਹੈ। ਮੇਲੇ ਵਿੱਚ ਆਉਣ ਵਾਲੇ ਬੱਚੇ, ਮਹਿਲਾਵਾਂ ਅਤੇ ਯੁਵਾ ਬੀਨ ਦੀ ਧੁਨ ਸੁਣ ਕੇ ਨੱਚਦੇ ਥੱਕ ਨਹੀਂ ਰਹੇ ਹਨ।

ਮਹੋਤਸਵ ਵਿੱਚ ਹਰਿਆਣਵੀ ਰਾਗਨਿਆਂ, ਘੂਮਰ, ਫਾਗ ਅਤੇ ਹੋਰ ਪਾਰੰਪਰਿਕ ਲੋਕ ਨਾਚ ਦੀ ਪੇਸ਼ਕਾਰੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਹੋਈ ਹੈ। ਕਲਾਕਾਰਾਂ ਦਾ ਕਹਿਣਾ ਹੈ ਕਿ ਸੂਰਜਕੁੰਡ ਮੇਲਾ ਉਨ੍ਹਾਂ ਨੂੰ ਆਪਣੀ ਕਲਾ ਨੂੰ ਗਲੋਬਲ ਮੰਚ @ਤੇ ਪ੍ਰਦਰਸ਼ਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਗੁਜਰਾਤ ਦੇ ਦਸਤਕਾਰਾਂ ਦੀ ਸੂਤੀ ਪੋਸ਼ਾਕ ਸਾਮਾਨ, ਸਾੜ੍ਹੀ, ਸਟੋਲ, ਕੁਰਤੇ, ਘਰ ਦੀ ਸਜਾਵਟ ਅਤੇ ਫੋਲਡੇਬਲ ਚਟਾਈ ਜਿਹੇ ਉਤਪਾਦ ਸੈਲਾਨਿਆਂ ਨੂੰ ਆ ਰਹੇ ਪਸੰਦ ਇਸ ਸਾਲ ਵੀ ਗੁਜਰਾਤ ਦੇ ਦਸਤਕਾਰ ਆਪਣੇ ਪਾਰੰਪਰਿਕ ਸਿਲਕ ਅਤੇ ਮਿਰਰ ਵਰਕ ਸ਼ਿਲਪ ਨਾਲ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਹੋਏ ਹਨ।

ਮਹੋਤਸਵ ਦੇ ਗਰਵੀ ਗੁਰਜਾਰੀ ਪਰਿਸਰ ਵਿੱਚ ਸਜੇ ਰੰਗ-ਬਿਰੰਗੇ ਸਟਾਲ ਸੈਲਾਨਿਆਂ ਨੂੰ ਆਪਣੇ ਵੱਖ ਖਿੱਚ ਰਹੇ ਹਨ। ਇੱਥੇ ਦੀ ਪ੍ਰਦਰਸ਼ਿਤ ਸੂਤੀ ਪੋਸ਼ਾਕ ਸਾਮਾਨ, ਸਾੜ੍ਹੀ, ਸਟੋਲ, ਕੁਰਤੇ, ਘਰ ਦੀ ਸਜਾਵਟ ਅਤੇ ਫੋਲਡੇਬਲ ਚਟਾਈ ਸ਼ਾਨਦਾਰ ਗੁਣਵੱਤਾ ਅਤੇ ਪਾਰੰਪਰਿਕ ਕਾਰੀਗਰੀ ਦਾ ਅਨੋਖਾ ਸੰਗਮ ਪੇਸ਼ ਕਰ ਰਹੀ ਹੈ।

ਗੁਜਰਾਤ ਤੋਂ ਆਏ ਸ਼ਿਲਪਕਾਰਾਂ ਨੇ ਆਪਣੇ ਹੱਥਾਂ ਨਾਲ ਬਣੇ ਉਤਪਾਦਾਂ ਵਿੱਚ ਮਹੀਨ ਕਢਾਈ, ਚਮਕਦਾਰ ਸ਼ੀਸ਼ਆਂ ਦੀ ਜੜਾਈ ਅਤੇ ਜੀਵੰਤ ਰੰਗਾਂ ਦਾ ਪ੍ਰਯੋਗ ਕੀਤਾ ਹੈ। ਸਿਲਕ ਅਤੇ ਮਿਰਰ ਵਰਕ ਦੀ ਇਹ ਕਲਾ ਨਾ ਸਿਰਫ ਪਰੰਪਰਾ ਦੀ ਪਛਾਣ ਹੈ ਸਗੋਂ ਕਾਰੀਗਰਾਂ ਦੀ ਆਮਦਨ ਦਾ ਪ੍ਰਮੁੱਖ ਸਰੋਤ ਵੀ ਹੈ।

ਗਰਵੀ ਗੁਰਜਾਰੀ ਪਰਿਸਰ ਵਿੱਚ ਉਪਲਬਧ ਸੂਤੀ ਸਾੜ੍ਹੀਆਂ ਅਤੇ ਕੁਰਤੇ ਆਰਾਮਦਾਇਕ ਹੋਣ ਦੇ ਨਾਲ ਨਾਲ ਆਧੁਨਿਕ ਫੈਸਨ ਦੇ ਅਨੁਸਾਰ ਵੀ ਹਨ ਜਦੋਂ ਕਿ ਸਟੋਲ ਅਤੇ ਡੇਕੋਰੇਟਿਵ ਆਇਟਮ ਘਰ ਦੀ ਸਜਾਵਟ ਵਿੱਚ ਪਾਰੰਪਰਿਕ ਛੋਹ ਨਾਲ ਜੋੜ ਰਹੇ ਹਨ।

ਮੇਲੇ ਵਿੱਚ ਦੇਸ਼-ਵਿਦੇਸ਼ ਤੋਂ ਆਏ ਦਸਤਕਾਰ ਅਤੇ ਪਾਰੰਪਰਿਕ ਉਤਪਾਦਾਂ ਵਿੱਚਕਾਰ ਇਸ ਵਾਰ ਰਾਜਸਥਾਨ ਦੇ ਵਿਸ਼ੇਸ਼ ਅਚਾਰ ਅਤੇ ਨਮਕੀਨਾਂ ਨੇ ਸੈਲਾਨਿਆਂ ਦਾ ਖਾਸ ਧਿਆਨ ਖਿੱਚ ਰਹੇ ਹਨ। ਰੰਗ ਬਿਰੰਗੇ ਸਟਾਲਾਂ @ਤੇ ਸਜੇ ਪਾਰੰਪਰਿਕ ਸੁਆਦ ਲੋਕਾਂ ਨੂੰ ਆਪਣੇ ਵੱਲ ਖਿੱਚ ਰਹੇ ਹਨ।

ਅਨਾਰਦਾਣਾ ਅਤੇ ਜੀਰਾ ਗੋਲੀ ਪਾਚਨ ਲਈ ਲਾਭਕਾਰੀ ਮੱਨੀ ਜਾਂਦੀ ਹੈ ਉੱਥੇ ਹੀ ਇਮਲੀ ਲੱਡੂ ਦਾ ਖੱਟਾ-ਮਿੱਠਾ ਸੁਆਦ ਹਰ ਉਮਰ ਵਰਗ ਨੂੰ ਆਕਰਸ਼ਿਤ ਕਰ ਰਿਹਾ ਹੈ। ਇਸ ਦੇ ਇਲਾਵਾ ਆਮ, ਨੀਬੂ ਅਤੇ ਮਿਰਚ ਦਾ ਅਚਾਰ ਅਤੇ ਪਾਰੰਪਰਿਕ ਪਾਪੜ ਦੀ ਵੀ ਚੰਗੀ ਖਾਸੀ ਮੰਗ ਹੈ।

ਰਾਜਸਥਾਨ ਦੇ ਅਚਾਰ ਅਤੇ ਨਮਕੀਨਾਂ ਦੀ ਵੱਧਦੀ ਲੋਕਪ੍ਰਿਅਤਾ ਨੇ ਇੱਕ ਵਾਰ ਫੇਰ ਸਾਬਿਤ ਕਰ ਦਿੱਤਾ ਹੈ ਕਿ ਭਾਰਤੀ ਪਾਰੰਪਰਿਕ ਸੁਆਦ ਦੀ ਗੱਲ ਹੀ ਕੁੱਝ ਹੋਰ ਹੈ। ਮਹੋਤਸਵ ਵਿੱਚ ਦੇਸ਼ ਦੇ ਵੱਖ ਵਿੱਖ ਰਾਜਿਆਂ ਦੇ ਸੁਆਦ ਇੱਕ ਹੀ ਥਾਂ @ਤੇ ਮਿਲਣਾ ਇੱਕ ਅਨੋਖਾ ਅਨੁਭਵ ਹੈ। ਕਈ ਸੈਲਾਨਿਆਂ ਨੇ ਦੱਸਿਆ ਕਿ ਉਹ ਹਰ ਸਾਲ ਇੱਥੇ ਆਉਂਦੇ ਹਨ ਅਤੇ ਰਾਜਸਥਾਨ ਦੇ ਸਟਾਲ ਤੋਂ ਵਿਸ਼ੇਸ਼ ਤੂਰ ਨਾਲ ਖਰੀਦਾਰੀ ਕਰਦੇ ਹਨ।

ਮੇਗਾ ਪਰਿਯੋਜਨਾਵਾਂ ਦੀ ਪ੍ਰਗਤੀ ਦੀ ਸਖਤ ਨਿਗਰਾਨੀ ਕਰ ਸਮੇਂਬੱਧ ਪੂਰਾ ਕਰਨ ਕੰਮ : ਮੁੱਖ ਮੰਤਰੀ

ਚੰਡੀਗੜ੍ਹ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਚੰਡੀਗੜ੍ਹ ਵਿੱਚ ਆਯੋਜਿਤ ਸਟੇਟ ਪ੍ਰਗਤੀ ਡੈਸ਼ਬੋਰਡ ਦੀ ਸਮੀਖਿਆ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਵਿੱਚ ਚੱਲ ਰਹੀ ਮੇਗਾ ਪਰਿਯੋਜਨਾਵਾਂ ਦੀ ਪ੍ਰਗਤੀ ਦੀ ਸਖਤ ਨਿਗਰਾਨੀ ਕੀਤੀ ਜਾਵੇ ਅਤੇ ਉਨ੍ਹਾਂ ਦੇ ਲਾਗੂ ਕਰਨ ਵਿੱਚ ਤੇਜੀ ਲਿਆਈ ਜਾਵੇ, ਤਾਂ ਜੋ ਸਾਰੀ ਪਰਿਯੋਜਨਾਵਾਂ ਨਿਰਧਾਰਿਤ ਸਮੇਂਸੀਮਾ ਅੰਦਰ ਪੂਰੀ ਹੋ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ 75 ਕਰੋੜ ਰੁਪਏ ਤੋਂ ਵੱਧ ਲਾਗਤ ਵਾਲੀ ਸਾਰੀ ਪ੍ਰਮੁੱਖ ਪਰਿਯੋਜਨਾਵਾਂ ਨੂੰ ਸਟੇਟ ਪ੍ਰਗਤੀ ਡੈਸ਼ਬੋਰਡ @ਤੇ ਜਰੂਰੀ ਰੂਪ ਨਾਲ ਅਪਲੋਡ ਕੀਤਾ ਜਾਵੇ, ਜਿਸ ਨਾਲ ਵੱਖ-ਵੱਖ ਪੱਧਰ @ਤੇ ਉਨ੍ਹਾਂ ਦੀ ਰਿਅਲ ਟਾਇਮ ਮਾ

ਪੁਰਾਣਾ ਬੱਸ ਸਟੈਂਡ ਸੰਘਰਸ਼ ਕਮੇਟੀ ਵੱਲੋਂ ਪੀਆਰਟੀਸੀ ਦੇ ਨਵ-ਨਿਯੁਕਤ ਚੇਅਰਮੈਨ ਨਾਲ ਮੁਲਾਕਾਤ

ਪਟਿਆਲਾ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੁਰਾਣਾ ਬੱਸ ਸਟੈਂਡ ਸੰਘਰਸ਼ ਕਮੇਟੀ ਵੱਲੋਂ ਪੀਆਰਟੀਸੀ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਹਰਪਾਲ ਜੁਨੇਜਾ ਨਾਲ ਮੁਲਾਕਾਤ ਕਰਕੇ ਦੁਕਾਨਦਾਰਾਂ ਅਤੇ ਇਲਾਕੇ ਦੇ ਲਗਭਗ 10 ਹਜ਼ਾਰ ਨਿਵਾਸੀਆਂ ਨੂੰ ਬੱਸਾਂ ਦੀ ਯਥੋਚਿਤ ਸੇਵਾ ਸ਼ੁਰੂ ਨਾ ਹੋਣ ਕਾਰਨ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਸੰਘਰਸ਼ ਕਮੇਟੀ ਵੱਲੋਂ ਚੇਅਰਮੈਨ ਹਰਪਾਲ ਜੁਨੇਜਾ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਸੰਘਰਸ਼ ਕਮੇਟੀ ਦੇ ਆਗੂ ਨੇਤਾ ਗੁਰਪਾਲ ਸਿੰਘ ਉਰਫ਼ ਕਾਕਾ ਨੇ ਕਿਹਾ ਕਿ ਪੁਰਾਣਾ ਬੱਸ ਸਟੈਂਡ 'ਚ ਬੱਸਾਂ ਦੀ ਗਿਣਤੀ ਵਧਾਉਣ ਦੀ ਮੰਗ ਉਹ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ। ਹਾਲਾਂਕਿ ਸ਼ਹਿਰੀ ਵਿਧਾਇਕ ਵੱਲੋਂ ਇਹ ਮਸਲਾ ਵਿਧਾਨ ਸਭਾ ਵਿੱਚ ਵੀ ਉਠਾਇਆ ਗਿਆ, ਪਰ ਇਸ ਦੇ ਬਾਵਜੂਦ ਮੰਤਰੀਆਂ ਵੱਲੋਂ ਕੋਈ ਸੁਣਵਾਈ ਨਹੀਂ ਹੋਈ, ਜਿਸਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੁਰਾਣਾ ਬੱਸ ਸਟੈਂਡ ਦੇ ਨਜ਼ਦੀਕ ਸਾਰੀਆਂ ਮੁੱਖ ਮਾਰਕੀਟਾਂ ਸਥਿਤ ਹਨ ਅਤੇ ਨਾਲ ਹੀ ਗੁਰਦੁਆਰਾ ਸ੍ਰੀ ਦੁੱਖ ਨਿਵਾਰਣ ਸਾਹਿਬ, ਸ੍ਰੀ ਕਾਲੀ ਦੇਵੀ ਮੰਦਰ, ਮਾਤਾ ਕੌਸ਼ਲਿਆ ਹਸਪਤਾਲ, ਸਰਕਾਰੀ ਰਾਜਿੰਦਰਾ ਹਸਪਤਾਲ ਅਤੇ ਟੀਬੀ ਹਸਪਤਾਲ ਵੀ ਬਿਲਕੁਲ ਨੇੜੇ ਹੀ ਸਥਿਤ ਹਨ। ਜੇਕਰ ਇਸ ਬੱਸ ਸਟੈਂਡ ਤੋਂ ਪਿੰਡਾਂ ਵੱਲ ਜਾਣ ਵਾਲੀਆਂ ਬੱਸਾਂ ਦੀ ਗਿਣਤੀ ਵਧਾ ਦਿੱਤੀ ਜਾਵੇ ਤਾਂ ਲੋਕਾਂ ਦਾ ਸਮਾਂ ਬਚੇਗਾ ਅਤੇ ਵਾਧੂ ਖਰਚੇ ਤੋਂ ਵੀ ਰਾਹਤ ਮਿਲੇਗੀ। ਇਨ੍ਹਾਂ ਸਾਰੇ ਮਸਲਿਆਂ ਨੂੰ ਲੈ ਕੇ ਪੀਆਰਟੀਸੀ ਚੇਅਰਮੈਨ ਨਾਲ ਵਿਸਥਾਰ ਨਾਲ ਵਿਚਾਰ-ਵਟਾਂਦਰਾ ਹੋਇਆ, ਜਿਨ੍ਹਾਂ ਨੇ ਜਲਦ ਹੀ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ। ਸੰਘਰਸ਼ ਕਮੇਟੀ ਨੇ ਦੱਸਿਆ ਕਿ ਚੇਅਰਮੈਨ ਹਰਪਾਲ ਜੁਨੇਜਾ ਦਾ ਸਨਮਾਨ ਸ਼ਹਿਰ ਵਾਸੀਆਂ ਵੱਲੋਂ ਇੱਕ ਵਿਧਾਇਕ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਲੋਕਾਂ ਨੂੰ ਉਮੀਦ ਹੈ ਕਿ ਉਹ ਜਨਤਕ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ।

ਪੁਰਾਣੇ ਬੱਸ ਸਟੈਂਡ ਦੇ ਚਲਣ ਨਾਲ ਹੋਰ ਲਿਖੇ ਮਾਰਕੀਟ ਨੂੰ ਮਿਲੇਗਾ ਲਾਭ

ਸੰਘਰਸ਼ ਕਮੇਟੀ ਦੀ ਮੁੱਖ ਮੰਗ ਹੈ ਕਿ ਪੁਰਾਣੇ ਬੱਸ ਸਟੈਂਡ ਦਾ ਨਵੀਨੀਕਰਨ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇ, ਤਾਂ ਜੋ ਯਾਤਰੀਆਂ ਅਤੇ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਰਾਹਤ ਮਿਲ ਸਕੇ।

ਕਮੇਟੀ ਨੇ ਮੰਗ ਕੀਤੀ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਬਣ ਰਹੇ ਈ-ਬੱਸ ਚਾਰਜਿੰਗ ਸਟੈਂਡ ਪੁਰਾਣੇ ਬੱਸ ਸਟੈਂਡ ਵਿੱਚ ਹੀ ਸਥਾਪਤ ਕੀਤੇ ਜਾਣ, ਤਾਂ ਜੋ ਇਹ ਕੇਂਦਰੀ ਆਵਾਜਾਈ ਹੱਬ ਵਜੋਂ ਵਿਕਸਤ ਹੋ ਸਕੇ। ਪੁਰਾਣਾ ਬੱਸ ਸਟੈਂਡ ਮਾਰਕੀਟ, ਲਾਹੌਰੀ ਗੇਟ, ਸ਼ੇਰੇ ਪੰਜਾਬ ਮਾਰਕੀਟ, ਆਰਿਆ ਸਮਾਜ, ਟੀਬੀ ਹਸਪਤਾਲ ਮਾਰਕੀਟ, ਅਦਾਲਤ ਬਾਜ਼ਾਰ, ਕਿਲ੍ਹਾ ਚੌਕ, ਸਰਹੰਦੀ ਬਾਜ਼ਾਰ, ਗੁੜ ਮੰਡੀ, ਬਰਤਨ ਬਾਜ਼ਾਰ, ਚੂੜੀ ਬਾਜ਼ਾਰ, ਸ਼ਰਾਫਾ ਬਾਜ਼ਾਰ, ਰਾਜਪੁਰਾ ਕਾਲੋਨੀ ਮਾਰਕੀਟ, ਗੁਰਬਖ਼ਸ਼ ਕਾਲੋਨੀ ਮਾਰਕੀਟ, ਗੁਰੂ ਨਾਨਕ ਨਗਰ ਮਾਰਕੀਟ। ਉਮੀਦ ਹੈ ਕਿ ਉਹ ਸੰਘਰਸ਼ ਕਮੇਟੀ ਵੱਲੋਂ ਉਠਾਏ ਗਏ ਮਸਲਿਆਂ 'ਤੇ ਗੰਭੀਰਤਾ ਨਾਲ ਧਿਆਨ ਦੇਂਦੇ ਹੋਏ ਉਨ੍ਹਾਂ ਦਾ ਹੱਲ ਕਰਨਗੇ।

ਡੀ.ਸੀ. ਵੱਲੋਂ ਪਟਿਆਲਾ ਹੈਰੀਟੇਜ ਫੈਸਟੀਵਲ ਦੀਆਂ ਤਿਆਰੀਆਂ ਦਾ ਜਾਇਜ਼ਾ

➢ ਸਮੂਹ ਪਟਿਆਲਵੀਆਂ ਨੂੰ ਪਟਿਆਲਾ ਹੈਰੀਟੇਜ ਫੈਸਟੀਵਲ ਦਾ ਹਿੱਸਾ ਬਣਨ ਦਾ ਸੱਦਾ ➢ ਏ.ਡੀ.ਸੀ. ਸਿਮਰਪ੍ਰੀਤ ਕੌਰ ਨੇ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੀਆਂ ਦਿੱਤੀਆਂ ਹਦਾਇਤਾਂ

ਪਟਿਆਲਾ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ 12 ਫਰਵਰੀ ਤੋਂ ਸ਼ੁਰੂ ਹੋ ਰਹੇ ਪਟਿਆਲਾ ਹੈਰੀਟੇਜ਼ ਫੈਸਟੀਵਲ ਦੇ ਨੋਡਲ ਅਫ਼ਸਰਾਂ ਵੱਲੋਂ ਕੀਤੀਆਂ ਜਾ ਰਹੀਆ ਤਿਆਰੀਆਂ ਦਾ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਬੈਠਕ ਕਰਕੇ ਜਾਇਜ਼ਾ ਲਿਆ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਦੀ ਅਗਵਾਈ ਹੇਠ ਹੋਈ ਬੈਠਕ ਦੌਰਾਨ ਮੇਲਾ ਕਰਵਾ ਰਹੇ ਸਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ, ਏ.ਡੀ.ਸੀ. ਨੇ ਸਬੰਧਤ ਨੋਡਲ ਅਫ਼ਸਰਾਂ ਨੂੰ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੀ ਹਦਾਇਤ ਕੀਤੀ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਇਸ ਮੇਲੇ ਦਾ ਅਨੰਦ ਮਾਣਨ ਲਈ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਪਟਿਆਲਾ ਹੈਰੀਟੇਜ ਮੇਲੇ ਲਈ ਕੋਈ ਟਿਕਟ ਨਹੀਂ ਹੈ। ਉਨ੍ਹਾਂ ਦੱਸਿਆ ਕਿ 21 ਫਰਵਰੀ ਤੋਂ 2 ਮਾਰਚ ਤੱਕ ਸ਼ੀਸ਼ ਮਹਿਲ ਵਿਖੇ ਪੰਜਾਬ ਸਖੀ ਸ਼ਕਤੀ ਕਰਾ਼ਫਟ ਮੇਲਾ ਲੱਗੇਗਾ, ਜਿਸ ਲਈ ਟਿਕਟ ਰੱਖੀ ਗਈ ਹੈ। ਵਰਜੀਤ ਵਾਲੀਆ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਟਿਆਲਾ ਨੂੰ ਟੂਰਿਜ਼ਮ ਦੇ ਕੇਂਦਰ ਵਜੋਂ ਉਭਾਰਨ ਲਈ ਕਰਵਾਏ ਜਾ ਰਹੇ ਪਟਿਆਲਾ ਹੈਰੀਟੇਜ ਫੈਸਟੀਵਲ ਦੇ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਹਨ।

ਖ਼ਾਲਸਾ ਕਾਲਜ ਵਿਖੇ ਮਿਲਟਰੀ ਲਿਟਰੇਚਰ ਫੈਸਟੀਵਲ, 13 ਫਰਵਰੀ ਨੂੰ ਮਹਿੰਦਰਾ ਕਾਲਜ ਵਿਖੇ ਕਵੀ ਦਰਬਾਰ, 14 ਫਰਵਰੀ ਨੂੰ ਸਿਵਲ ਏਵੀਏਸ਼ਨ ਕਲੱਬ ਸੰਗਰੂਰ ਰੋਡ ਵਿਖੇ ਐਰੋ ਮਾਡਲਿੰਗ ਤੇ ਏਅਰ ਸ਼ੋਅ, 15 ਫਰਵਰੀ ਨੂੰ ਪੋਲੋ ਗਰਾਊਂਡ ਵਿਖੇ ਡਾਗ ਸ਼ੋਅ, 16 ਫਰਵਰੀ ਨੂੰ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਕੇਵਲ ਧਾਲੀਵਾਲ ਦੇ ਇਤਿਹਾਸਕ ਨਾਟਕ '1675' ਦਾ ਮੰਚਨ ਤੋਂ ਇਲਾਵਾ 17 ਫਰਵਰੀ ਨੂੰ ਪੋਲੋ ਗਰਾਊਂਡ ਵਿਖੇ ਉਘੇ ਪੰਜਾਬੀ ਗਾਇਕ ਮਨਮੋਹਨ ਵਾਰਸ ਤੇ ਕਮਲ ਹੀਰ ਵਾਰਸ ਭਰਾਵਾਂ ਦੀ ਜੋੜੀ ਵੱਲੋਂ ਪੇਸ਼ਕਾਰੀ।

ਵਰਜੀਤ ਵਾਲੀਆ ਨੇ ਅੱਗੇ ਦੱਸਿਆ ਕਿ 18 ਫਰਵਰੀ ਨੂੰ ਬਾਰਾਂਦਰੀ ਬਾਗ ਫੂਡ ਫੈਸਟੀਵਲ ਤੇ ਫਲਾਵਰ ਸ਼ੋਅ, 19 ਫਰਵਰੀ ਨੂੰ ਬਾਰਾਂਦਰੀ ਬਾਗ ਵਿਖੇ ਪਟਿਆਲਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਨੇਚਰ ਵਾਕ, ਵਾਤਾਵਰਨ ਸੈਰ ਅਤੇ 20 ਫਰਵਰੀ ਨੂੰ ਸ਼ਾਹੀ ਸਮਾਧਾਂ ਤੋਂ ਕਿਲਾ ਮੁਬਾਰਕ ਤੱਕ ਹੈਰੀਟੇਜ ਵਾਕ ਹੋਵੇਗੀ। ਕਿਲਾ ਮੁਬਾਰਕ ਵਿਖੇ 21 ਨੂੰ ਸ਼ਾਸਤਰੀ ਸੰਗੀਤ ਦੀ ਸ਼ਾਮ 'ਚ ਹਿੰਦੁਤਸਾਨੀ ਕਲਾਸੀਕਲ ਸੰਗੀਤ ਦੀ ਉਘੀ ਗਾਇਕਾ ਰੌਣਕਿਨੀ ਗੁਪਤਾ ਦੀ ਗਾਇਕੀ ਸਮੇਂ ਤਬਲੇ 'ਤੇ ਅਸ਼ੀਸ਼ ਰਾਗਵਾਨੀ ਤੇ ਹਰਮੋਨੀਅਮ 'ਤੇ ਤਨਮਯ ਮੇਸਤਰੀ ਸੰਗਤ ਦੇਣਗੇ।

ਜਦੋਂਕਿ ਇਸੇ ਸ਼ਾਮ ਅਨੁਪਮਾ ਭਾਗਵਤ ਦੀ ਸਿਤਾਰ, ਦੇਬਸ ਮਿਸ਼ਰਾ ਭੱਟਾਚਾਰੀਆ ਦਾ ਸਰੋਦ, ਪੰਡਿਤ ਅਭਿਸ਼ੇਕ ਮਿਸ਼ਰਾ ਦਾ ਤਬਲਾ ਅਤੇ ਅਭਿਸ਼ੇਕ ਅਵਾਧਾਨੀ ਦੇ ਮਿਰਦੰਗਮ ਦੀ ਚੌਗੁਲਬੰਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਪਟਿਆਲਾ ਹੈਰੀਟੇਜ ਦੀ ਸਮਾਪਤੀ ਵਾਲੀ ਸ਼ਾਮ 22 ਫਰਵਰੀ ਨੂੰ ਕਿਲਾ ਮੁਬਾਰਕ ਵਿਖੇ ਪਟਿਆਲਾ ਦੇ ਉਘੇ ਫ਼ਨਕਾਰ ਅਮਨਦੀਪ ਸਿੰਘ ਦਾ ਵਾਦਨ ਅਤੇ ਗਾਇਕੀ ਸਮੇਤ ਸੂਫ਼ੀ ਨੌਜਵਾਨ ਕਵਾਲ (ਇਮਰਾਨ) ਖ਼ਾਨ ਸਾਬ੍ਹ ਦੀ ਗਾਇਕੀ ਹੋਵੇਗੀ।

ਮਾਮਲਾ: ਜੀ. ਪੀ. ਫੰਡ ਹੜੱਪ ਕਰਨ ਦੀ ਕੋਸ਼ਿਸ਼ ਦਾ; ਮੁਅੱਤਲ ਸਕੂਲੀ ਕਲਰਕ ਨੂੰ ਜਿਲ੍ਹਾ ਹੈੱਡ ਕੁਆਰਟਰ ਬਦਲ ਕੇ ਲਗਾਇਆ ਸੰਗਰੂਰ

ਪਟਿਆਲਾ, 15 ਫਰਵਰੀ
ਰਣਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਉਦੋਂ ਪੂਰੀ ਤਰ੍ਹਾਂ ਫੇਲ੍ਹ ਕਰ ਦਿੱਤਾ ਜਦੋਂ ਸਿੱਖਿਆ ਵਿਭਾਗ (ਸੈ.) ਅਧੀਨ ਪੈਂਦੇ ਨਾਭਾ ਸ਼ਹਿਰ ਦੇ ਨਾਮ ਸਕੂਲ ਆਫ ਐਮੀਨੈਂਸ ਸ. ਸੀ. ਸੈ. ਸਕੂਲ (ਲੜਕੇ) ਨਾਭਾ ਦੇ ਕਲਰਕ ਜਸਪਾਲ ਸਿੰਘ ਨੂੰ 35 ਲੱਖ ਰੁਪਏ ਜੀ. ਪੀ. ਫੰਡ ਘਪਲੇ ਕਰਨ ਦਾ ਦੋਸ਼ੀ ਪਾਉਂਦਿਆਂ ਹੋਇਆਂ ਪਿਛਲੀ ਦਿਨੀਂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.) ਪੰਜਾਬ ਗੁਰਿੰਦਰ ਸਿੰਘ ਸੋਢੀ ਪੀ. ਸੀ. ਐਸ. ਦੇ ਹੁਕਮ ਤਹਿਤ ਮੁਅੱਤਲ ਕਰਕੇ ਜਿਲ੍ਹਾ ਹੈੱਡ ਕੁਆਰਟਰ 'ਤੇ ਤਾਇਨਾਤੀ ਦੇ ਹੁਕਮ ਜਾਰੀ ਕੀਤੇ ਸਨ। ਜਿਉਂ ਹੀ ਮੀਡੀਆ ਵਿਚ ਇਸ ਖਿਲਾਫ ਮਾਮਲਾ ਭਖਿਆ ਤਾਂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.) ਪੰਜਾਬ ਨੇ ਮੁੜ ਤੋਂ ਨਵਾਂ ਹੁਕਮ ਜਾਰੀ ਕਰਦੇ ਹੋਏ ਸਕੂਲੀ ਕਲਰਕ ਜਸਪਾਲ ਸਿੰਘ ਨੂੰ ਪਟਿਆਲਾ ਤੋਂ ਬਦਲ ਕੇ ਸੰਗਰੂਰ ਹੈੱਡ ਕੁਆਰਟਰ 'ਤੇ ਤਬਦੀਲ ਕਰ ਦਿੱਤਾ ਹੈ। ਜਿਸ ਤੋਂ ਸਾਫ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਲ੍ਹਾ ਪਟਿਆਲਾ ਦੇ ਸਿੱਖਿਆ ਵਿਭਾਗ ਅੰਦਰ ਐਨਾ ਵੱਡਾ ਘਪਲਾ ਹੋਣ ਦੇ ਮੁਲਜ਼ਮਾਂ ਨੂੰ ਬਚਾਉਣ ਲਈ ਚੱਲ ਰਹੀ ਚਾਰਾਜੋਈ ਤਹਿਤ ਇਕੱਲਿਆਂ ਕਲਰਕ 'ਤੇ ਹੀ ਗਾਜ਼ ਡੇਗ ਦਿੱਤੀ, ਜਿਸ ਵਿਚ ਹੋਰ ਦਫਤਰੀ ਮੁਲਾਜ਼ਮ ਅਤੇ ਪ੍ਰਿੰਸੀਪਲ ਦੀ ਮਿਲੀਭੁਗਤ ਨੂੰ ਅੱਖੋਂ ਓਹਲੇ ਕਰ ਦਿੱਤਾ ਗਿਆ ਹੈ।

ਲਿਹਾਜ਼ਾ ਨਾਭਾ ਦੇ ਨਾਮੀ ਸਕੂਲ ਦੇ ਰਿਟਾਇਰੀ ਅਧਿਆਪਕ ਗੁਰਮੀਤ ਕੌਰ ਦੇ ਰਿਟਾਇਰਲ ਲਾਭਾਂ ਦਾ ਫੰਡ ਹੜੱਪਣ ਦੀ ਕੋਸ਼ਿਸ਼ ਕਰਨ 'ਤੇ ਸਕੂਲ ਆਫ ਐਮੀਨੈਂਸ ਦੇ ਨਾਮ ਦੀ ਵੀ ਕਿਰਕਿਰੀ ਹੋਈ ਹੈ। ਸੂਤਰਾਂ ਤੋਂ ਪਤਾ ਚੱਲਿਆ ਹੈ ਕਿ ਸਕੂਲ ਦੇ ਵਿਕਾਸ ਕਾਰਜਾਂ ਵਿਚ ਕਈ ਤਰ੍ਹਾਂ ਦੀਆਂ ਧਾਂਦਲੀਆਂ ਸਾਹਮਣੇ ਆਉਣ ਦੀਆਂ ਚਰਚਾਵਾਂ ਸ਼ੁਰੂ ਹੋ ਚੁੱਕੀਆਂ ਹਨ। ਜਿਥੇ ਸਰਕਾਰ ਵੱਲੋਂ ਦਿੱਤੀਆਂ ਗਈਆਂ ਗ੍ਰਾਂਟਾਂ ਦੇ ਹਿਸਾਬ ਨਾਲ ਕੀਤੇ ਗਏ ਵਿਕਾਸ ਕਾਰਜਾਂ ਸੰਬੰਧੀ ਵੀ ਮਾਮਲੇ ਉਜਾਗਰ ਕੀਤੇ ਜਾਣਗੇ।

ਆਡੀਓ ਕਲਿੱਪ ਰਾਹੀਂ ਸਕੂਲੀ ਕਲਰਕ ਦੀ ਹਮਾਇਤ ਦਾ ਐਲਾਨ

ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਦੇ ਵਟਸਐਪ ਗਰੁੱਪ ਵਿਚ ਸਕੂਲੀ ਕਲਰਕ ਜਸਪਾਲ ਸਿੰਘ ਦੀ ਹਮਾਇਤ ਕਰਨ ਵਾਲੀ ਆਡੀਓ ਕਲਿੱਪ ਵਾਇਰਲ ਹੋਣ 'ਤੇ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਜੀ. ਪੀ. ਫੰਡ ਘਪਲੇ ਵਿਚ ਦੋਸ਼ੀ ਪਾਏ ਗਏ ਸਕੂਲੀ ਕਲਰਕ ਜਸਪਾਲ ਸਿੰਘ ਨੂੰ ਮੁਅੱਤਲ ਕੀਤਾ ਗਿਆ ਪਰ ਇਸ ਕਾਂਡ ਵਿਚ ਦੋਸ਼ੀ ਹੋਰਨਾਂ ਮੁਲਾਜ਼ਮਾਂ ਅਤੇ ਪ੍ਰਿੰਸੀਪਲ ਦੀ ਮਿਲੀਭੁਗਤ ਸੰਬੰਧੀ ਵੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ।

10 ਲੱਖ ਵਾਲੇ ਸਿਹਤ ਬੀਮਾ ਕਾਰਡ ਲੋਕਾਂ ਲਈ ਵਰਦਾਨ : ਸਿਹਤ ਮੰਤਰੀ ਡਾ.ਬਲਬੀਰ ਸਿੰਘ

ਪਟਿਆਲਾ, 15 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਨਗਰ ਨਿਗਮ ਵਿਖੇ ਪਟਿਆਲਾ ਦਿਹਾਤੀ ਖੇਤਰ ਵਿੱਚ ਵੀ ਐਲ ਈਜ਼ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਰਜਿਸਟ੍ਰੇਸ਼ਨ ਕਾਰਡਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਇਸ ਮੌਕੇ ਉਨ੍ਹਾਂ ਨੇ ਵੀ ਐਲ ਈ ਓਪਰੇਟਰਾਂ ਅਤੇ ਵਲੰਟੀਅਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਦਿੱਤਾ ਜਾ ਰਿਹਾ 10 ਲੱਖ ਰੁਪਏ ਤੱਕ ਦਾ ਸਿਹਤ ਕਾਰਡ ਲੋਕਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਯੋਜਨਾ ਨਾਲ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਵੱਡੀ ਬੀਮਾਰੀ ਦੇ ਇਲਾਜ ਲਈ ਕਰਜ਼ੇ ਹੇਠ ਨਹੀਂ ਆਉਣਾ ਪਵੇਗਾ ਅਤੇ ਨਾ ਹੀ ਕਿਸੇ ਨੂੰ ਇਲਾਜ ਤੋਂ ਵਾਂਝਾ ਰਹਿਣਾ ਪਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹਰ ਨਾਗਰਿਕ ਨੂੰ ਵਧੀਆ ਅਤੇ ਮੁਫਤ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਹੈ।

ਸਿਹਤ ਮੰਤਰੀ ਨੇ ਵੀ ਐਲ ਈ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮਿਲਜੁਲ ਕੇ ਕੰਮ ਕਰਨ ਲਈ ਕਿਹਾ ਤਾਂ ਜੋ ਹਰ ਹੱਕਦਾਰ ਪਰਿਵਾਰ ਤੱਕ ਇਹ ਕਾਰਡ ਸਮੇਂ ਸਿਰ ਪਹੁੰਚ ਸਕੇ।

ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪ੍ਰਸ਼ਾਸਨ ਦੀ ਸਾਂਝੀ ਕੋਸ਼ਿਸ਼ ਨਾਲ ਹੀ ਯੋਜਨਾਵਾਂ ਦੀ ਸਫਲਤਾ ਯਕੀਨੀ ਬਣਾਈ ਜਾ ਸਕਦੀ ਹੈ। ਉਨ੍ਹਾਂ ਵਲੰਟੀਅਰਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਲੋਕਾਂ ਨੂੰ ਯੋਜਨਾਵਾਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਲਈ ਅੱਗੇ ਆਉਣ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਪੂਰੇ ਦੇਸ਼ ਵਿੱਚ ਸਰਕਾਰ ਸੱਚੇ ਅਰਥਾਂ ਵਿੱਚ ਲੋਕਾਂ ਲਈ ਕੰਮ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਇਤਿਹਾਸਕ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿਹਤ ਕਾਰਡ ਰਾਹੀਂ ਹਜ਼ਾਰਾਂ ਪਰਿਵਾਰਾਂ ਨੂੰ ਲਾਭ ਮਿਲ ਰਿਹਾ ਹੈ ਅਤੇ ਇਹ ਯੋਜਨਾ ਭਵਿੱਖ ਵਿੱਚ ਹੋਰ ਵੀ ਵਿਸਥਾਰਿਤ ਕੀਤੀ ਜਾਵੇਗੀ।

ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਵਧੀਆ ਪ੍ਰਦਰਸ਼ਨ ਕਰਨ ਵਾਲੇ ਵੀ ਐਲ ਈ ਓਪਰੇਟਰਾਂ ਨੂੰ ਨੌਕਰੀ ਦੇਣ ਬਾਰੇ ਵੀ ਵ

ਜੰਕ ਫ਼ੂਡ ਖਾਣ ਨਾਲ ਯਾਦਦਾਸ਼ਤ ਹੋ ਸਕਦੀ ਹੈ ਕਮਜ਼ੋਰ

ਸਿਡਨੀ - ਖੋਜ 'ਚ ਇਹ ਦਾਅਵਾ ਕੀਤਾ ਗਿਆ ਹੈ ਕਿ ਜੰਕ ਫ਼ੂਡ ਖਾਣ ਨਾਲ ਯਾਦਦਾਸ਼ਤ ਕਮਜ਼ੋਰ ਹੋ ਸਕਦੀ ਹੈ। ਖੋਜ ਮੁਤਾਬਕ ਰੋਜ਼ਾਨਾ ਫ਼ਾਸਟ ਫ਼ੂਡ ਦੇ ਸੇਵਨ ਨਾਲ ਦਿਮਾਗ ਦੀ ਕਾਰਜ ਸਮਰੱਥਾ 'ਤੇ ਅਸਰ ਪੈ ਸਕਦਾ ਹੈ। ਆਸਟਰੇਲੀਅਨ ਨੈਸ਼ਨਲ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਨਿਕੋਲਸ ਚੇਰੂਬਿਨ ਦਾ ਕਹਿਣਾ ਹੈ ਕਿ ਅਧਿਐਨ 'ਚ ਇਸ ਦੇ ਠੋਸ ਸਬੂਤ ਮਿਲੇ ਹਨ ਕਿ ਫ਼ਾਸਟ ਫ਼ੂਡ ਖਾਣ ਵਾਲੇ ਅਤੇ ਕਸਰਤ ਨਾ ਕਰਨ ਵਾਲੇ ਲੋਕਾਂ 'ਚ ਟਾਈਪ-2 ਸ਼ੂਗਰ ਅਤੇ ਦਿਮਾਗ ਦੀ ਕਾਰਜ ਸਮਰੱਥਾ 'ਚ ਗਿਰਾਵਟ ਨਾਲ ਆਮ ਤੌਰ 'ਤੇ ਡਿਮੇਂਸ਼ੀਆ ਅਤੇ ਦਿਮਾਗ ਦੇ ਸੁੰਗੜਨ ਦਾ ਖਤਰਾ ਹੋ ਸਕਦਾ ਹੈ। ਟਾਈਪ-2 ਡਾਇਬਟੀਜ਼ ਅਤੇ ਦਿਮਾਗ ਦੀ ਕਾਰਜ ਸਮਰੱਥਾ 'ਚ ਗਿਰਾਵਟ ਦਰਮਿਆਨ ਸਬੰਧ ਪਹਿਲਾਂ ਤੋਂ ਹੀ ਸਥਾਪਿਤ ਹੋ ਚੁੱਕਾ ਹੈ ਪਰ ਸਾਡੇ ਅਧਿਐਨ ਤੋਂ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਦਿਮਾਗ ਦੀ ਕਾਰਜ ਸਮਰੱਥਾ 'ਚ ਗਿਰਾਵਟ ਅਤੇ ਉਸ ਜੀਵਨਸ਼ੈਲੀ ਦਰਮਿਆਨ ਸਪੱਸ਼ਟ ਜੋੜ ਹੈ, ਜਿਸ ਨਾਲ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਅੱਧਖੜ ਅਵਸਥਾ 'ਚ ਪਹੁੰਚਣ ਤੋਂ ਬਾਅਦ ਇਸ ਤਰ੍ਹਾਂ ਦੇ ਖਾਣ-ਪੀਣ ਨਾਲ ਹੋਣ ਵਾਲੇ ਨੁਕਸਾਨ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਲਈ ਅਸੀਂ ਸਾਰਿਆਂ ਨੂੰ ਬੇਨਤੀ ਕਰਦੇ ਹਾਂ ਕਿ ਬਚਪਨ ਤੋਂ ਹੀ ਪੌਸ਼ਟਿਕ ਖੁਰਾਕ ਦਾ ਸੇਵਨ ਕਰੋ।

ਬ੍ਰੈਸਟ ਦੀ ਹਰ ਗੰਢ ਨਹੀਂ ਹੋ ਸਕਦੀ ਕੈਂਸਰ

ਅੰਕੜਿਆਂ ਮੁਤਾਬਕ ਔਰਤਾਂ 'ਚ ਬ੍ਰੈਸਟ ਦੀਆਂ ਬੀਮਾਰੀਆਂ 'ਚ ਵਾਧਾ ਹੋਇਆ ਹੈ। ਇਹ ਬੀਮਾਰੀ 15 ਤੋਂ 65 ਸਾਲ ਤੱਕ ਦੀਆਂ ਔਰਤਾਂ ਨੂੰ ਹੋ ਰਹੀ ਹੈ। ਜੇਕਰ ਕਿਸੇ ਨੂੰ ਬ੍ਰੈਸਟ ਨਾਲ ਸਬੰਧਤ ਕੋਈ ਸਮੱਸਿਆ ਹੈ ਤਾਂ ਘਬਰਾਉਣ ਦੀ ਲੋੜ ਨਹੀਂ । ਇਸ ਦਾ ਕਾਰਗਰ ਇਲਾਜ ਸੰਭਵ ਹੈ। ਬ੍ਰੈਸਟ ਦੀ ਹਰ ਗੰਢ ਕੈਂਸਰ ਨਹੀਂ ਹੁੰਦੀ ਹੈ। ਔਰਤਾਂ ਇਸ ਨੂੰ ਲੁਕਾਉਣ ਨਾ ਸਗੋਂ ਡਾਕਟਰ ਨੂੰ ਜ਼ਰੂਰ ਦੱਸਣ। ਇਹ ਜਾਣਕਾਰੀ ਐੱਮ.ਬੀ.ਬੀ.ਐੱਸ. ਮਾਨਤਾ ਪ੍ਰਾਪਤ ਸਹਾਰਾ ਹਸਪਤਾਲ ਦੀ ਬ੍ਰੈਸਟ ਐਂਡ ਇੰਡੋਕ੍ਰਾਈਮ ਸਰਜਨ ਡਾ. ਫ਼ਰਾਹ ਅਰਸ਼ਦ ਨੇ ਦਿੱਤੀ। ਦਵਾਈਆਂ ਨਾਲ ਇਸ ਦਾ ਸਫ਼ਲ ਇਲਾਜ ਸੰਭਵ ਹੈ।

ਜ਼ਿਆਦਾਤਰ ਬ੍ਰੈਸਟ 'ਚ ਬਣੀ ਗੰਢ 'ਚ ਦਰਦ ਮਹਿਸੂਸ ਹੁੰਦਾ ਰਹਿੰਦਾ ਹੈ। ਇਸ ਲਈ ਸਾਡਾ ਅੱਜਕਲ ਦਾ ਲਾਈਫ਼ਸਟਾਈਲ ਜ਼ਿੰਮੇਵਾਰ ਹੈ। ਸਮੋਕਿੰਗ, ਅਲਕੋਹਲ ਤੇ ਕੋਲਾ ਦਾ ਜ਼ਿਆਦਾ ਸੇਵਨ ਇਸ ਦਾ ਕਾਰਨ ਹੋ ਸਕਦਾ ਹੈ। ਖਾਣ-ਪੀਣ 'ਤੇ ਵਿਸ਼ੇਸ਼ ਧਿਆਨ ਦਿਓ ਅਤੇ ਰੋਜ਼ਾਨਾ ਕਸਰਤ ਕਰੋ ਤਾਂ ਜੋ ਇਸ ਤੋਂ ਬਚਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਜੇਕਰ ਸਮੇਂ ਸਿਰ ਬ੍ਰੈਸਟ ਕੈਂਸਰ ਦੀ ਪਛਾਣ ਹੋ ਜਾਂਦੀ ਹੈ ਤਾਂ ਇਸ ਦਾ ਸਫ਼ਲ ਇਲਾਜ ਹੋ ਸਕਦਾ ਹੈ। ਬੀਮਾਰੀ ਦੀ ਜਾਂਚ ਲਈ ਬਾਇਓਪੇਸੀ ਅਤੇ ਅਲਟ੍ਰਾਸਾਊਂਡ/ਮੈਮੋਗ੍ਰਾਫ਼ੀ ਜਾਂਚ ਕਰਵਾਉਂਦੇ ਹਨ। ਜ਼ਿਆਦਾਤਰ ਕੈਂਸਰ ਦਾ ਇਲਾਜ ਦਵਾਈਆਂ ਅਤੇ ਸਰਜਰੀ ਸਫ਼ਲ ਤਰੀਕੇ ਨਾਲ ਹੋ ਜਾਂਦੀ ਹੈ ਪਰ ਸ਼ੁਰੂਆਤੀ ਹਾਲਾਤ 'ਚ ਲੱਛਣਾਂ ਦੀ ਪਛਾਣ ਕਰ ਕੇ ਉਸ ਦੀ ਸਹੀ ਸਮੇਂ 'ਤੇ ਜਾਂਚ ਕਰਵਾਉਣ ਦੀ ਲੋੜ ਹੁੰਦੀ ਹੈ। ਔਰਤਾਂ ਚਾਹੁਣ ਤਾਂ ਉਹ ਖੁਦ ਪ੍ਰੀਖਣ ਕਰ ਸਕਦੀਆਂ ਹਨ। ਮਹੀਨੇ 'ਚ ਇੱਕ ਵਾਰ ਬ੍ਰੈਸਟ ਨੂੰ ਛੂਹ ਕੇ ਜਾਂ ਦਬਾ ਕੇ ਜਾਂਚ ਕਰ ਲੈਣੀ ਚਾਹੀਦੀ ਹੈ। ਜੇਕਰ ਕੋਈ ਸ਼ੱਕ ਲੱਗੇ ਤਾਂ ਡਾਕਟਰ ਕੋਲੋਂ ਸਲਾਹ ਲੈ ਲੈਣੀ ਚਾਹੀਦੀ ਹੈ।

ਬ੍ਰੈਸਟ ਦੀਆਂ ਵਧਦੀਆਂ ਬੀਮਾਰੀਆਂ ਦੇ ਆਮ ਕਾਰਨ

ਹਾਰਮੋਨਲ ਅਸੰਤੁਲਨ, ਤਣਾਅ, ਫ਼ੈਮਿਲੀ ਹਿਸਟਰੀ, ਵੱਡੀ ਉਮਰ 'ਚ ਵਿਆਹ, ਦੁੱਧ ਨਾ ਚੁੰਘਾਉਣਾ, ਤੇਜ਼ੀ ਨਾਲ ਭਾਰ ਵਧਣਾ ਜਾਂ ਘਟਣਾ ਅਤੇ ਲੰਬੇ ਸਮੇਂ ਤੱਕ ਹਾਰਮੋਨ ਥੈਰੇਪੀ ਦੀਆਂ ਦਵਾਈਆਂ, ਮਿਲਾਵਟੀ ਖਾਣਾ, ਪ੍ਰਦੂਸ਼ਣ।

ਬ੍ਰੈਸਟ ਦੇ ਲੱਛਣ ਪਛਾਣੋ

× ਬ੍ਰੈਸਟ ਜਾਂ ਉਸ ਦੇ ਨਾਲ ਗੰਢ
× ਨਿੱਪਲ 'ਚੋਂ ਪਾਣੀ ਨਿਕਲਣਾ ਜਿਵੇਂ ਲਾਲ, ਸਫ਼ੈਦ
× ਛਾਤੀਆਂ ਦੇ ਆਕਾਰ 'ਚ ਬਦਲਾਅ
× ਛਾਤੀਆਂ 'ਚ ਦਰਦ ਮਹਿਸੂਸ ਹੋਣਾ।
× ਦਰਦ ਰੁਕ-ਰੁਕ ਕੇ ਹੋਣਾ।

ਵਾਰ-ਵਾਰ ਫ਼ੋਨ ਦੇਖਣ ਦੀ ਆਦਤ ਨਾਲ ਘੱਟ ਰਹੀ ਹੈ ਉਮਰ

ਨਵੀਂ ਦਿੱਲੀ— ਬਹੁਤ ਸਾਰੇ ਲੋਕਾਂ ਨੂੰ ਵਾਰ-ਵਾਰ ਫ਼ੋਨ ਚੈੱਕ ਕਰਨ ਦੀ ਆਦਤ ਹੁੰਦੀ ਹੈ। ਫ਼ੋਨ 'ਚੋਂ ਥੋੜ੍ਹੀ ਜਿਹੀ ਆਵਾਜ਼ ਆਈ ਨਹੀਂ ਕਿ ਝਟ ਹੱਥ 'ਚ ਚੁੱਕ ਲੈਂਦੇ ਹਨ ਜਾਂ ਕਈ ਵਾਰ ਖਾਲੀ ਬੈਠੇ ਹੋਏ ਇੰਝ ਹੀ ਫ਼ੋਨ ਨੂੰ ਦੇਖਦੇ ਰਹਿੰਦੇ ਹਨ। ਜੇ ਤੁਹਾਨੂੰ ਵੀ ਇਹ ਆਦਤ ਹੈ ਤਾਂ ਦੱਸ ਦਈਏ ਕਿ ਇਹ ਤੁਹਾਡੇ ਲਈ ਖਤਰਨਾਕ ਸਾਬਤ ਹੋ ਸਕਦੀ ਹੈ।

ਵਿਗਿਆਨੀਆਂ ਦਾ ਮੰਨਣਾ ਹੈ ਕਿ ਫ਼ੋਨ ਇਸਤੇਮਾਲ ਕਰਨ ਦੀ ਇਹ ਆਦਤ ਤੁਹਾਡੀ ਜਾਨ ਵੀ ਲੈ ਸਕਦੀ ਹੈ। ਜੀ ਹਾਂ, ਫ਼ੋਨ ਨਾਲ ਜ਼ਿਆਦਾ ਨਜ਼ਦੀਕੀ ਰੱਖਣ ਦੇ ਉਂਝ ਤਾਂ ਕਾਫ਼ੀ ਮਾੜੇ ਪ੍ਰਭਾਵ ਹਨ ਪਰ ਸਭ ਤੋਂ ਵੱਡਾ ਨੁਕਸਾਨ ਇਹੀ ਹੈ ਕਿ ਇਹ ਫ਼ੋਨ ਹੌਲੀ-ਹੌਲੀ ਤੁਹਾਡੀ ਉਮਰ ਖੋਹ ਲਵੇਗਾ। ਰਿਪੋਰਟ ਮੁਤਾਬਕ ਸਮਾਰਟਫ਼ੋਨ 'ਚ ਸਭ ਤੋਂ ਜ਼ਿਆਦਾ ਟੈਨਸ਼ਨ ਇਨਬਾਕਸ ਜਾਂ ਕਿਸੇ ਹੋਰ ਕਿਸਮ ਦੇ ਮੈਸੇਜ ਕਾਰਨ ਹੁੰਦੀ ਹੈ। ਔਸਤਨ ਹਰ 36 ਸੈਕਿੰਡ 'ਚ ਲੋਕਾਂ 'ਚ ਸਮਾਰਟਫ਼ੋਨ 'ਤੇ ਕਿਸੇ ਮੈਸੇਜ ਦਾ ਨੋਟੀਫ਼ਿਕੇਸ਼ਨ ਆਉਂਦਾ ਹੈ, ਜਿਸ ਨਾਲ ਟੈਨਸ਼ਨ ਵਧਦੀ ਹੈ। ਟੈਂਸ਼ਨ ਕਾਰਨ ਨਾ ਸਿਰਫ਼ ਇਨਸਾਨ ਦੀ ਉਮਰ ਘੱਟ ਹੋ ਸਕਦੀ ਹੈ ਸਗੋਂ ਡਾਇਬਟੀਜ਼ (ਸ਼ੂਗਰ), ਹਾਰਟ ਅਟੈਕ ਅਤੇ ਡਿਪ੍ਰੈਸ਼ਨ ਵਰਗੀਆਂ ਹੋਰ ਬੀਮਾਰੀਆਂ ਵੀ ਹੋ ਸਕਦੀਆਂ ਹਨ। ਜਿਵੇਂ ਹੀ ਤੁਸੀਂ ਫ਼ੋਨ ਬਾਰੇ ਸੋਚਦੇ ਹੋ ਤਾਂ ਤੁਹਾਨੂੰ ਟੈਨਸ਼ਨ ਹੁੰਦੀ ਹੈ। ਇਸ ਟੈਨਸ਼ਨ ਨੂੰ ਘੱਟ ਕਰਨ ਲਈ ਤੁਸੀਂ ਫ਼ੋਨ ਚੈੱਕ ਕਰਦੇ ਹੋ। ਉਥੇ ਕਿਸੇ ਬਾਕੀ ਰਹਿ ਗਏ ਕੰਮ, ਬੁਰਾ ਮੈਸੇਜ ਜਾਂ ਫ਼ਿਰ ਕੋਈ ਖਬਰ ਪੜ੍ਹ ਕੇ ਤੁਹਾਡੇ ਸਰੀਰ 'ਚ ਕੋਰਟੀਸੋਲ ਹਾਰਮੋਨ ਦਾ ਪੱਧਰ ਵਧਦਾ ਹੈ। ਹੌਲੀ-ਹੌਲੀ ਫ਼ੋਨ ਦੀ ਆਦਤ ਕਾਰਨ ਇਹ ਟੈਨਸ਼ਨ ਵਧਦੀ ਜਾਂਦੀ ਹੈ ਅਤੇ ਇਨਸਾਨਾਂ ਦੀ ਸਮੇਂ ਤੋਂ ਪਹਿਲਾਂ ਮੌਤ ਹੁੰਦੀ ਹੈ। ਇਸ ਲਈ ਜੇ ਤੁਹਾਨੂੰ ਲੰਬਾ ਅਤੇ ਤੰਦਰੁਸਤ ਜੀਵਨ ਚਾਹੀਦਾ ਹੈ ਤਾਂ ਫ਼ੋਨ ਤੋਂ ਥੋੜ੍ਹੀ ਦੂਰੀ ਬਣਾ ਕੇ ਰੱਖੋ।

ਨਿੰਬੂ ਲਗਾ ਸਕਦਾ ਹੈ ਤੁਹਾਡੀ ਖੂਬਸੂਰਤੀ ਨੂੰ ਚਾਰ ਚੰਨ, ਜਾਣੋ ਕਿਵੇਂ

ਨਿੰਬੂ ਨੂੰ ਸਿਹਤ ਲਈ ਤਾਂ ਹਮੇਸ਼ਾ ਤੋਂ ਹੀ ਫ਼ਾਇਦੇਮੰਦ ਮੰਨਿਆ ਜਾਂਦਾ ਰਿਹਾ ਹੈ ਪਰ ਸੁੰਦਰਤਾ ਨੂੰ ਨਿਖਾਰਨ 'ਚ ਵੀ ਹੁਣ ਇਸ ਦੀ ਵਰਤੋਂ ਕਈ ਤਰੀਕਿਆਂ ਨਾਲ ਕੀਤੀ ਜਾਣ ਲੱਗੀ ਹੈ। ਇਸ ਦੇ ਮਲਟੀਪਰਪਜ਼ ਫ਼ਾਇਦਿਆਂ ਨੂੰ ਦੇਖਦੇ ਹੋਏ ਬਿਊਟੀਸ਼ਨਸ ਨੇ ਇਸ ਨੂੰ 'ਲੈਮਨ ਥੈਰੇਪੀ' ਦਾ ਨਾਂ ਦਿੱਤਾ ਹੈ। ਆਓ ਜਾਣਦੇ ਹਾਂ ਲੈਮੇਨ ਥੈਰੇਪੀ ਦੇ ਫ਼ਾਇਦਿਆਂ ਬਾਰੇ।

ਡੈਂਡ ਸਕਿਨ ਅਤੇ ਦਾਗ-ਧੱਬੇ ਹਟਾਉਣ 'ਚ ਫ਼ਾਇਦੇਮੰਦ

ਨਿੰਬੂ 'ਚ ਅਜਿਹੇ ਤੱਤ ਪਾਏ ਜਾਂਦੇ ਹਨ, ਜੋ ਤੁਹਾਡੀ ਸਕਿਨ ਨੂੰ ਨੈਚੂਰਲੀ ਬਲੀਚ ਕਰਦੇ ਹਨ। ਇਸ 'ਚ ਕਾਫ਼ੀ ਮਾਤਰਾ 'ਚ ਸਿਟਰਸ ਹੁੰਦਾ ਹੈ, ਜੋ ਸਕਿਨ ਨੂੰ ਪੋਸ਼ਣ ਤੱਤ ਦਿੰਦਾ ਹੈ। ਇਸ ਦਾ ਰਸ ਹੀ ਨਹੀਂ, ਛਿਲਕੇ ਵੀ ਕਾਫ਼ੀ ਉਪਯੋਗੀ ਹੁੰਦੇ ਹਨ। ਨਿੰਬੂ ਦੇ ਛਿਲਕੇ ਡੈਂਡ ਸਕਿਨ, ਦਾਗ-ਧੱਬੇ ਤੋਂ ਲੈ ਕੇ ਬਲੈਕ ਹੈੱਡਸ ਤੱਕ ਨੂੰ ਕਲੀਨ ਕਰਦੇ ਹਨ। ਜੇ ਸਕਿਨ 'ਚ ਓਪਨ ਪੋਰਸ ਦੀ ਪ੍ਰਾਬਲਮ ਹੈ ਤਾਂ ਨਿੰਬੂ ਦਾ ਰਸ ਲਾਓ।

ਸਕਿਨ ਨੂੰ ਬਣਾਉਂਦੈ ਗੋਰਾ

ਸਕਿਨ ਨੂੰ ਗੋਰਾ ਬਣਾਉਣ 'ਚ ਵੀ ਨਿੰਬੂ ਬੇਹੱਦ ਕੰਮ ਆਉਂਦਾ ਹੈ। ਇਸ ਲਈ ਆਂਡੇ ਦੇ ਸਫ਼ੈਦ ਹਿੱਸੇ 'ਚ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਮਿਲਾਓ। ਇਸ ਨੂੰ ਚਿਹਰੇ 'ਤੇ ਲਾਓ ਅਤੇ ਸੁੱਕਣ ਦਿਓ। ਫ਼ਿਰ ਇਸ ਨੂੰ ਪੀਲ ਵਾਂਗ ਚਿਹਰੇ ਤੋਂ ਉਤਾਰੋ ਅਤੇ ਚਿਹਰੇ ਨੂੰ ਠੰਡੇ ਪਾਣੀ ਨਾਲ ਧੋ ਲਓ। ਫ਼ੇਸ ਸ਼ਾਈਨਿੰਗ ਕਰਨ ਲੱਗੇਗਾ। ਨਿੰਬੂ ਨਾਲ ਨਜ਼ਰ ਆਓ ਜਵਾਨ

ਉਮਰ ਵਧਣ ਦੇ ਨਾਲ-ਨਾਲ ਚਮੜੀ 'ਤੇ ਇਸ ਦੇ ਨਿਸ਼ਾਨ ਦਿਖਾਈ ਦੇਣ ਲੱਗਦੇ ਹਨ। ਨਿੰਬੂ ਇੱਕ ਚੰਗਾ ਐਂਟੀਆਕਸੀਡੈਂਟ ਵੀ ਹੈ, ਜੋ ਚਮੜੀ ਦੀਆਂ ਝੁਰੜੀਆਂ ਤੋਂ ਛੁਟਕਾਰਾ ਦਿਵਾਉਂਦਾ ਹੈ। ਬਾਦਾਮ ਤੇਲ ਦੇ ਨਾਲ ਨਿੰਬੂ ਦੇ ਰਸ ਨੂੰ ਮਿਲਾ ਕੇ ਫ਼ੇਸ 'ਤੇ 20 ਮਿੰਟ ਤੱਕ ਰੱਖੋ। ਤੁਸੀਂ ਚਾਹੋ ਤਾਂ ਨਿੰਬੂ ਦੇ ਰਸ ਅਤੇ ਸੇਬ ਦੇ ਸਿਰਕੇ ਨੂੰ ਬਰਾਬਰ ਮਾਤਰਾ 'ਚ ਮਿਲਾ ਕੇ ਵੀ ਚਿਹਰੇ 'ਤੇ ਲਗਾ ਸਕਦੇ ਹੋ।

ਹਾਈ ਬਲੱਡ ਪ੍ਰੈਸ਼ਰ ਜਾਂ ਹਾਈਪਰਟੈਂਸ਼ਨ

- ਡਾ. ਹਰਿੰਦਰਪਾਲ ਸਿੰਘ

ਕਾਫ਼ੀ ਸਮੇਂ ਤਕ ਵਿਅਕਤੀ ਨੂੰ ਇਸ ਬਿਮਾਰੀ ਬਾਰੇ ਪਤਾ ਨਹੀਂ ਲਗਦਾ। ਫ਼ਿਰ ਹੌਲੀ-ਹੌਲੀ ਕੁਝ ਲੱਛਣ ਸਾਹਮਣੇ ਆਉਣ ਲਗਦੇ ਹਨ, ਜਿਵੇਂ ਸਿਰਦਰਦ, ਚੱਕਰ ਆਉਣਾ, ਸਾਹ ਦੀ ਤਕਲੀਫ਼, ਨੀਂਦ ਨਾ ਆਉਣਾ

ਹਾਈ ਬਲੱਡ ਪ੍ਰੈਸ਼ਰ ਦਾ ਨਾਂ ਸੁਣਦਿਆਂ ਹੀ ਸਾਡੇ ਸਾਰਿਆਂ ਦੇ ਕੰਨ ਖੜ੍ਹੇ ਹੋ ਜਾਂਦੇ ਹਨ। ਆਮ ਜਿਹੀ ਸਮਝੀ ਜਾਣ ਵਾਲੀ ਇਹ ਬਿਮਾਰੀ ਕਦੋਂ ਜਾਨਲੇਵਾ ਸਾਬਿਤ ਹੋ ਜਾਂਦੀ ਹੈ, ਇਸ ਦਾ ਪਤਾ ਹੀ ਨਹੀਂ ਲਗਦਾ। ਪੂਰੇ ਵਿਸ਼ਵ 'ਚ ਲਗਪਗ ਇੱਕ ਅਰਬ ਤੋਂ ਜ਼ਿਆਦਾ ਲੋਕ ਇਸ ਬਿਮਾਰੀ ਤੋਂ ਪੀੜਤ ਹਨ। ਅਮਰੀਕਾ 'ਚ ਹਰ ਤੀਸਰਾ ਵਿਅਕਤੀ ਇਸ ਤੋਂ ਪੀੜਤ ਹੈ। ਕੈਲੇਫ਼ੋਰਨੀਆ 'ਚ 25 ਫ਼ੀਸਦੀ ਔਰਤਾਂ ਇਸ ਸਮੱਸਿਆ ਨਾਲ ਜੂਝ ਰਹੀਆਂ ਹਨ। ਇੰਡੀਆ 'ਚ ਵੀ 2.3 ਮਿਲੀਅਨ ਔਰਤਾਂ ਹਰ ਸਾਲ ਦਿਲ ਨਾਲ ਸਬੰਧਤ ਰੋਗਾਂ ਕਾਰਨ ਮੌਤ ਦੇ ਮੂੰਹ 'ਚ ਚਲੀਆਂ ਜਾਂਦੀਆਂ ਹਨ। ਇਸ ਨੂੰ ਸਾਈਲੈਂਟ ਕਿੱਲਰ ਵੀ ਕਿਹਾ ਜਾਂਦਾ ਹੈ, ਜੋ ਅੱਜ ਦੇ ਸਮੇਂ ਦੀ ਖ਼ਤਰਨਾਕ ਬਿਮਾਰੀ ਹੈ ਕਿਉਂਕਿ ਇਸ ਦਾ ਕੋਈ ਲੱਛਣ ਸਾਹਮਣੇ ਨਹੀਂ ਆਉਂਦੇ।

ਲੱਛਣ

ਕਾਫ਼ੀ ਸਮੇਂ ਤਕ ਵਿਅਕਤੀ ਨੂੰ ਇਸ ਬਿਮਾਰੀ ਬਾਰੇ ਪਤਾ ਹੀ ਨਹੀਂ ਲਗਦਾ। ਫ਼ਿਰ ਹੌਲੀ-ਹੌਲੀ ਕੁਝ ਲੱਛਣ ਸਾਹਮਣੇ ਆਉਣ ਲਗਦੇ ਹਨ, ਜਿਵੇਂ ਸਿਰਦਰਦ, ਚੱਕਰ ਆਉਣਾ, ਕਮਜ਼ੋਰੀ, ਸਾਹ ਦੀ ਤਕਲੀਫ਼, ਨੀਂਦ ਨਾ ਆਉਣਾ, ਨੱਕ 'ਚੋਂ ਖ਼ੂਨ ਵਗਣਾ ਜਾਂ ਹਾਰਟ ਅਟੈਕ, ਸਟ੍ਰੋਕ, ਕਿਡਨੀ ਦਾ ਫ਼ੇਲ੍ਹ ਹੋਣਾ ਆਦਿ। ਵਿਸ਼ਵ ਸਿਹਤ ਸੰਸਥਾ ਅਨੁਸਾਰ ਬਿਠਾ ਕੇ ਚੈੱਕ ਕੀਤਾ ਗਿਆ ਬਲੱਡ ਪ੍ਰੈਸ਼ਰ ਹੀ ਸਹੀ ਹੁੰਦਾ ਹੈ ਤੇ ਇਹ ਹਮੇਸ਼ਾ ਖੱਬੀ ਬਾਂਹ ਦਾ ਹੀ ਲੈਣਾ ਚਾਹੀਦਾ ਹੈ।

ਹਾਈਪਰਟੈਂਸ਼ਨ

ਆਮ ਤੌਰ 'ਤੇ ਅਸੀਂ ਹਾਈਪ੍ਰਟੈਂਸ਼ਨ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ ਪਰ ਇਸ ਦਾ ਇਲਾਜ ਜ਼ਰੂਰੀ ਹੈ। ਹਾਈਪ੍ਰਟੈਂਸ਼ਨ ਦਾ ਇਲਾਜ ਸੰਭਵ ਹੈ। ਜੇ ਇਸ ਦਾ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਕਈ ਤਰਾਂ ਦੀਆਂ ਸਮੱਸਿਆਵਾਂ ਆ ਸਕਦੀਆਂ ਹਨ, ਜਿਵੇਂ ਦਿਲ ਦਾ ਆਕਾਰ ਵਧ ਜਾਣਾ, ਜੋ ਹਾਰਟ ਫ਼ੇਲ੍ਹ ਹੋਣ ਦਾ ਕਾਰਨ ਬਣਦਾ ਹੈ। ਬਲੱਡ ਵੈੱਸਲਜ਼ 'ਚ ਛੋਟੇ ਥੱਕੇ ਬਣ ਜਾਣਾ, ਦਿਮਾਗ਼, ਲੱਤਾਂ, ਅੰਤੜੀਆਂ, ਤਿੱਲੀ ਅਤੇ ਗਿਰਦਿਆਂ ਦੀਆਂ ਆਰਟਰੀਜ਼ ਦਾ ਤੰਗ ਹੋ ਜਾਣਾ, ਜੋ ਗੁਰਦਿਆਂ ਦੇ ਫ਼ੇਲ੍ਹ ਹੋਣ, ਹਾਰਟ ਅਟੈਕ, ਸਟ੍ਰੋਕ ਆਦਿ ਦਾ ਕਾਰਨ ਬਣਦਾ ਹੈ।

ਬਲੱਡ ਪ੍ਰੈਸ਼ਰ ਵਧਣ ਦੇ ਕਾਰਨ

ਸਾਡੀ ਆਧੁਨਿਕ ਜੀਵਨਸ਼ੈਲੀ 'ਚ ਗ਼ਲਤ ਤਰੀਕੇ ਦਾ ਖਾਣ-ਪੀਣ, ਤਣਾਅ, ਜ਼ਿਆਦਾ ਬੋਲਣਾ, ਉਤੇਜਨਾ, ਕੋਲੈਸਟਰੋਲ, ਜ਼ਿਆਦਾ ਚਰਬੀ, ਚਾਹ-ਕੌਫ਼ੀ ਜਾਂ ਉਤੇਜਕ ਪੀਣਯੋਗ ਪਦਾਰਥ, ਸ਼ਰਾਬ, ਸਿਗਰਟ, ਮੋਟਾਪਾ, ਸ਼ੂਗਰ, ਗੁਰਦੇ ਦੀ ਖ਼ਰਾਬੀ, ਤਲੇ ਹੋਏ ਅਤੇ ਮਿਰਚ ਮਸਾਲੇ ਵਾਲੇ ਭੋਜਨ, ਜ਼ਿਆਦਾ ਦਵਾਈਆਂ ਦਾ ਇਸਤੇਮਾਲ, ਜੰਕ ਫ਼ੂਡ, ਮੈਦਾ, ਮਿਠਾਈਆਂ, ਜ਼ਰੂਰਤ ਤੋਂ ਜਿਆਦਾ ਖਾਣਾ, ਚਿੰਤਾ, ਗੁੱਸਾ, ਡਰ, ਮਾਨਸਿਕ ਰੋਗ, ਪੇਟ ਅਤੇ ਪਿਸ਼ਾਬ ਦੀ ਪੁਰਾਣੀ ਬਿਮਾਰੀ ਹੋਣਾ ਆਦਿ ਬੱਲਡ ਪ੍ਰੈਸ਼ਰ ਵਧਣ ਦੇ ਕਾਰਨ ਹਨ।

ਜਦੋਂ ਕੋਈ ਵਿਅਕਤੀ ਡਾਕਟਰ ਕੋਲ ਜਾਂਦਾ ਹੈ ਤਾਂ ਉਸ ਨੂੰ ਜ਼ਿਆਦਾਤਰ ਨਾਈਟ੍ਰੇਟ ਯੁਕਤ ਦਵਾਈ ਖਾਣ ਨੂੰ ਦਿੱਤੀ ਜਾਂਦੀ ਹੈ, ਜੋ ਦਿਲ ਦੀਆਂ ਧਮਣੀਆਂ ਖੋਲ੍ਹ ਦਿੰਦੀ ਹੈ, ਇਸ ਤਰ੍ਹਾਂ ਵਧਿਆ ਹੋਇਆ ਦਬਾਅ ਨਾਰਮਲ ਹੋ ਜਾਂਦਾ ਹੈ ਪਰ ਇਹ ਦਵਾਈ ਆਰਟਰੀਜ਼ ਵਿਚਲੇ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਜੋ ਕੁਦਰਤੀ ਤਰੀਕੇ ਨਾਲ ਖ਼ੂਨ ਦੇ ਦਬਾਅ ਨੂੰ ਕੰਟਰੋਲ ਕਰਦੇ ਹਨ। ਨਾਈਟ੍ਰਿਕ ਆਕਸਾਈਡ ਅਣੂ ਦੀ ਖੋਜ ਦਵਾਈਆਂ ਦੀ ਦੁਨੀਆ 'ਚ ਕ੍ਰਾਂਤੀਕਾਰੀ ਸਾਬਿਤ ਹੋਈ ਹੈ। ਨਾਈਟ੍ਰਿਕ ਆਕਸਾਈਡ ਇੱਕ ਤਰ੍ਹਾਂ ਦੀ ਗੈਸ ਹੈ, ਜੋ ਸਰੀਰ ਦੁਆਰਾ ਹੀ ਪੈਦਾ ਕੀਤੀ ਜਾਂਦੀ ਹੈ। ਜਿੰਨੀ ਜ਼ਿਆਦਾ ਇਹ ਪੈਦਾ ਹੋਵੇਗੀ, ਓਨਾਂ ਹੀ ਬਲੱਡ ਪ੍ਰੈਸ਼ਰ ਕੰਟਰੋਲ ਰਹੇਗਾ। ਦਿਲ 'ਚ ਸਥਿਤ ਧਮਣੀਆਂ ਦੀਆਂ ਦੀਵਾਰਾਂ 'ਚ ਐਂਡੋਥੀਲੀਅਲ ਸੈੱਲ ਹੁੰਦੇ ਹਨ, ਜੋ ਨਾਈਟ੍ਰਿਕ ਆਕਸਾਈਡ ਪੈਦਾ ਕਰਦੇ ਹਨ। ਇਹ ਗੈਸ ਧਮਣੀਆਂ ਦੇ ਪੱਠਿਆਂ ਦੇ ਸੈੱਲਾਂ ਨੂੰ ਕੁਦਰਤੀ ਤਰੀਕੇ ਨਾਲ ਸੁੰਗ

ਸੰਮਨ ਨੂੰ ਹਿਰਾਸਤ ਜਾਂ ਨਾਜਾਇਜ ਡਿਟੈਂਸਨ ਨਹੀਂ ਮੰਨਿਆ ਜਾ ਸਕਦਾ : ਬੰਬੇ ਹਾਈਕੋਰਟ

ਕੌਮੀ ਪਤ੍ਰਿਕਾ

ਮੁੰਬਈ 15 ਫਰਵਰੀ। ਬੰਬੇ ਹਾਈਕੋਰਟ ਦੀ ਔਰੰਗਾਬਾਦ ਬੈਂਚ ਨੇ ਅਹਿਮ ਫੈਸਲੇ 'ਚ ਸਪੱਸਟ ਕੀਤਾ ਹੈ ਕਿ ਜੀ.ਐੱਸ.ਟੀ. ਐਕਟ ਦੀ ਧਾਰਾ 70 ਦੇ ਤਹਿਤ ਜਾਰੀ ਕੀਤੇ ਗਏ ਸੰਮਨ ਸਿਰਫ ਪੁੱਛਗਿੱਛ ਅਤੇ ਬਿਆਨ ਦਰਜ ਕਰਨ ਲਈ ਹੁੰਦੇ ਹਨ, ਇਨ੍ਹਾਂ ਨੂੰ ਹਿਰਾਸਤ ਜਾਂ ਨਾਜਾਇਜ ਡਿਟੈਂਸਨ ਨਹੀਂ ਮੰਨਿਆ ਜਾ ਸਕਦਾ। ਅਦਾਲਤ ਨੇ ਇਹ ਵੀ ਸਾਫ ਕਰ ਦਿੱਤਾ ਕਿ ਅਜਿਹੇ ਸੰਮਨ ਜਾਰੀ ਕਰਨ ਤੋਂ ਪਹਿਲਾਂ 7 ਦਿਨਾਂ ਦਾ ਨੋਟਿਸ ਦੇਣਾ ਲਾਜਮੀ ਨਹੀਂ ਹੈ। ਇਹ ਪਟੀਸਨ ਕਨ੍ਹਈਆ ਨੀਲਾਂਬਰ ਝਾਅ ਨੇ ਦਾਇਰ ਕੀਤੀ ਸੀ। ਉਨ੍ਹਾਂ ਦੋਸ ਲਾਇਆ ਸੀ ਕਿ ਫਰਜੀ ਆਈ.ਟੀ.ਸੀ. (ਇਨਪੁੱਟ ਟੈਕਸ ਕ੍ਰੈਡਿਟ) ਜਾਂਚ ਦੇ ਸਿਲਸਿਲੇ 'ਚ ਜੀ.ਐੱਸ.ਟੀ. ਅਧਿਕਾਰੀਆਂ ਨੇ ਉਨ੍ਹਾਂ ਨੂੰ ਨਾਜਾਇਜ ਤੌਰ 'ਤੇ ਹਿਰਾਸਤ 'ਚ ਰੱਖਿਆ। ਉਨ੍ਹਾਂ ਨੇ 10 ਲੱਖ ਰੁਪਏ ਦੇ ਮੁਆਵਜੇ ਦੀ ਮੰਗ ਕੀਤੀ ਅਤੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੋਈ ਹੈ। ਜਸਟਿਸ ਵਾਈ.ਜੀ. ਖੋਬ੍ਰਾਗੜੇ ਅਤੇ ਜਸਟਿਸ ਸੰਦੀਪ ਕੁਮਾਰ ਸੀ. ਮੋਰੇ ਦੀ ਬੈਂਚ ਨੇ ਕਿਹਾ ਕਿ ਜਦੋਂ ਕਾਨੂੰਨ ਵਿਚ 7 ਦਿਨਾਂ ਦੇ ਨੋਟਿਸ ਦਾ ਜ਼ਿਕਰ ਨਹੀਂ ਹੈ, ਤਾਂ ਇਸ ਨੂੰ ਲਾਜਮੀ ਨਹੀਂ ਮੰਨਿਆ ਜਾ ਸਕਦਾ। ਅਦਾਲਤ ਨੇ ਸਪੱਸਟ ਕੀਤਾ ਕਿ ਕਿਸੇ ਵਿਅਕਤੀ ਨੂੰ ਜਾਂਚ ਅਤੇ ਬਿਆਨ ਦਰਜ ਕਰਨ ਲਈ ਬੁਲਾਇਆ ਜਾਣਾ ਹਿਰਾਸਤ ਨਹੀਂ ਅਖਵਾਉਂਦਾ। ਜੇ ਧਾਰਾ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ ਹੈ, ਤਾਂ ਅਦਾਲਤ ਲਾਜਮੀ ਸਰਤ ਨਹੀਂ ਜੋੜ ਸਕਦੀ। ਰੈਵੇਨਿਊ ਅਧਿਕਾਰੀਆਂ ਨੇ ਅਦਾਲਤ ਨੂੰ ਦੱਸਿਆ ਕਿ ਝਾਅ ਨੂੰ ਟੈਕਸ ਚੋਰੀ ਦੀ ਜਾਂਚ ਵਿਚ ਗਵਾਹ ਵਜੋਂ ਬੁਲਾਇਆ ਗਿਆ ਸੀ ਅਤੇ ਉਨ੍ਹਾਂ ਨੇ 17 ਜੂਨ ਤੋਂ 20 ਜੂਨ ਦੇ ਵਿਚਾਲੇ ਆਪਣੀ ਮਰਜੀ ਨਾਲ ਪੁੱਛਗਿੱਛ 'ਚ

ਹਿੱਸਾ ਲਿਆ। ਉਨ੍ਹਾਂ ਨੂੰ ਔਰੰਗਾਬਾਦ ਸਥਿਤ ਜੀ.ਐੱਸ.ਟੀ. ਭਵਨ 'ਚ ਉਨ੍ਹਾਂ ਦੀ ਇੱਛਾ ਅਨੁਸਾਰ ਰੱਖਿਆ ਗਿਆ ਸੀ ਅਤੇ ਮੋਬਾਈਲ ਫੋਨ ਵਰਤਣ ਦੀ ਵੀ ਇਜਾਜਤ ਸੀ। ਗ੍ਰਿਫਤਾਰੀ ਰਸਮੀ ਤੌਰ 'ਤੇ 21 ਜੂਨ ਨੂੰ ਦੋਸ ਤੈਅ ਹੋਣ ਤੋਂ ਬਾਅਦ ਕੀਤੀ ਗਈ । ਅਦਾਲਤ ਨੇ ਪਾਇਆ ਕਿ ਨਾਜਾਇਜ ਡਿਟੈਂਸਨ ਦਾ ਕੋਈ ਠੋਸ ਸਬੂਤ ਨਹੀਂ ਹੈ। ਇਸ ਲਈ ਮੁਆਵਜੇ ਦੀ ਮੰਗ ਖਾਰਿਜ ਕਰਦਿਆਂ ਪਟੀਸਨ ਨੂੰ ਰੱਦ ਕਰ ਦਿੱਤਾ ਗਿਆ। ਕੋਰਟ ਨੇ ਕਿਹਾ ਕਿ ਜਾਂਚ ਏਜੰਸੀਆਂ ਨੂੰ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕਾਰਵਾਈ ਕਰਨ ਦੀ ਛੋਟ ਹੋਣੀ ਚਾਹੀਦੀ ਹੈ, ਨਾਲ ਹੀ ਦੁਰਵਰਤੋਂ ਖਿਲਾਫ ਸੁਰੱਖਿਆ ਉਪਾਅ ਵੀ ਯਕੀਨੀ ਬਣਾਏ ਜਾਣੇ ਚਾਹੀਦੇ ਹਨ। ਟੈਕਸ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਫੈਸਲਾ ਜੀ.ਐੱਸ.ਟੀ. ਸੰਮਨ ਦੀ ਕਾਨੂੰਨੀ ਸਥਿਤੀ ਨੂੰ ਸਪੱਸਟ ਕਰਦਾ ਹੈ। ਫੈਸਲੇ ਤੋਂ ਇਹ ਸੰਦੇਸ ਗਿਆ ਹੈ ਕਿ ਅਧਿਕਾਰੀ ਕਾਨੂੰਨ ਦੇ ਤਹਿਤ ਸਖਤੀ ਨਾਲ ਕਾਰਵਾਈ ਕਰ ਸਕਦੇ ਹਨ, ਉੱਥੇ ਹੀ ਟੈਕਸਦਾਤਾਵਾਂ ਨੂੰ ਵੀ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਰਹਿ ਕੇ ਜਾਂਚ ਦੌਰਾਨ ਉਚਿਤ ਰਿਕਾਰਡ ਬਣਾਏ ਰੱਖਣ ਅਤੇ ਸਮੇਂ ਸਿਰ ਇਤਰਾਜ ਦਰਜ ਕਰਵਾਉਣ ਦੀ ਲੋੜ ਹੈ। ਹਾਈਕੋਰਟ ਦੇ ਇਸ ਹੁਕਮ ਨਾਲ ਸਾਫ ਹੋ ਗਿਆ ਹੈ ਕਿ ਜੀ.ਐੱਸ.ਟੀ. ਸੰਮਨ ਨੂੰ ਹਿਰਾਸਤ ਦੇ ਬਰਾਬਰ ਨਹੀਂ ਮੰਨਿਆ ਜਾਵੇਗਾ ਅਤੇ 7 ਦਿਨਾਂ ਦਾ ਪਹਿਲਾਂ ਨੋਟਿਸ ਜਰੂਰੀ ਨਹੀਂ ਹੈ। ਇਸ ਨਾਲ ਜਾਂਚ ਪ੍ਰਕਿਰਿਆ ਨੂੰ ਕਾਨੂੰਨੀ ਮਜਬੂਤੀ ਮਿਲੀ ਹੈ, ਨਾਲ ਹੀ ਟੈਕਸਦਾਤਾਵਾਂ ਨੂੰ ਆਪਣੇ ਅਧਿਕਾਰਾਂ ਅਤੇ ਫਰਜਾਂ ਪ੍ਰਤੀ ਜਾਗਰੂਕ ਹੋਣ ਦਾ ਸੰਕੇਤ ਵੀ ਮਿਲਿਆ ਹੈ।

ਪਠਾਨਕੋਟ ਹਾਈਵੇ 'ਤੇ ਸਥਿਤ ਫੈਕਟਰੀ 'ਚ ਭਿਆਨਕ ਅੱਗ, 50 ਫੁੱਟ ਉੱਚੀਆਂ ਉੱਠੀਆਂ ਲਪਟਾਂ

ਜਲੰਧਰ 15 ਫਰਵਰੀ। ਜਲੰਧਰ-ਪਠਾਨਕੋਟ ਹਾਈਵੇਅ 'ਤੇ ਸਥਿਤ ਪਿੰਡ ਰਾਏਪੁਰ ਦੇ ਬੱਲਾ ਪੈਟਰੋਲ ਪੰਪ ਨੇੜੇ ਅੱਜ ਇਕ ਬਿਸਕੁਟ ਫੈਕਟਰੀ ਵਿੱਚ ਭਿਆਨਕ ਅੱਗ ਲੱਗ ਗਈ। ਤੇਜ਼ ਹਵਾਵਾਂ ਕਾਰਨ ਅੱਗ ਨੇ ਇੰਨਾ ਭਿਆਨਕ ਰੂਪ ਧਾਰ ਲਿਆ ਕਿ ਦੇਖਦੇ ਹੀ ਦੇਖਦੇ ਪੂਰੀ ਫੈਕਟਰੀ ਅੱਗ ਦੀ ਲਪੇਟ ਵਿੱਚ ਆ ਗਈ। ਮੌਕੇ 'ਤੇ ਮੌਜੂਦ ਲੋਕਾਂ ਅਨੁਸਾਰ ਅੱਗ ਦੀਆਂ ਲਪਟਾਂ 50 ਫੁੱਟ ਉੱਚੀਆਂ ਉੱਠ ਰਹੀਆਂ ਸਨ, ਜੋ ਕਾਫੀ ਦੂਰੋਂ ਦਿਖਾਈ ਦੇ ਰਹੀਆਂ ਸਨ। ਅੱਗ ਲੱਗਣ ਦੀ ਸੂਚਨਾ ਫੈਕਟਰੀ ਮਾਲਕ ਅਤੇ ਆਸ-ਪਾਸ ਦੇ ਲੋਕਾਂ ਵੱਲੋਂ ਤੁਰੰਤ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਲੰਧਰ ਸਮੇਤ ਆਸ-ਪਾਸ ਦੇ ਫਾਇਰ ਬ੍ਰਿਗੇਡ ਸਬ-ਡਵੀਜ਼ਨਾਂ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਦੱਸਿਆ ਜਾ ਰਿਹਾ ਹੈ ਕਿ ਇਸ ਫੈਕਟਰੀ ਵਿੱਚ ਬਿਸਕੁਟ ਅਤੇ ਭੁਜੀਆ ਬਣਾਉਣ ਦਾ ਕੰਮ ਹੁੰਦਾ ਸੀ। ਸੂਚਨਾ ਮਿਲਦੇ ਹੀ ਸਬੰਧਤ ਥਾਣੇ ਦੀ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਦੇਸ਼ ਲਗਾਤਾਰ ਉਚਾਈਆਂ ਨੂੰ ਛੂਹ ਰਿਹੈ : ਫਤਿਹਜੰਗ ਬਾਜਵਾ

ਬਟਾਲਾ 15 ਫਰਵਰੀ। ਭਾਰਤੀ ਜਨਤਾ ਪਾਰਟੀ ਹੀ ਇਕ ਮਾਤਰ ਅਜਿਹੀ ਪਾਰਟੀ ਹੈ, ਜਿਸਨੇ ਹਮੇਸ਼ਾ ਦੇਸ਼ ਅਤੇ ਦੇਸ਼ ਵਾਸੀਆਂ ਦੀ ਭਲਾਈ ਲਈ ਕੰਮ ਕੀਤਾ ਹੈ ਅਤੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵਲੋਂ ਹਰ ਵਰਗ ਦੇ ਲੋਕਾਂ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਬਟਾਲਾ ਤੋਂ ਭਾਰਤੀ ਜਨਤਾ ਪਾਰਟੀ ਦੇ ਇੰਚਾਰਜ ਅਤੇ ਸਾਬਕਾ ਵਿਧਾਇਕ ਫਤਿਹਜੰਗ ਸਿੰਘ ਬਾਜਵਾ ਨੇ ਪੱਤਰਕਾਰਾਂ

ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਲਗਾਤਾਰ ਉਚਾਈਆਂ ਨੂੰ ਛੂਹ ਰਿਹਾ ਹੈ ਅਤੇ ਅੱਜ ਭਾਰਤ ਨੇ ਪੂਰੀ ਦੁਨੀਆਂ 'ਚ ਆਪਣਾ ਲੋਹਾ ਮਨਵਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ ਦੇਸ਼ ਦੇ ਲੋਕਾਂ ਦੀ ਭਲਾਈ ਲਈ ਅਨੇਕਾਂ ਯੋਜਨਾਵਾਂ ਲਿਆਂਦੀਆਂ ਗਈਆਂ ਹਨ ਅਤੇ ਸਰਕਾਰ ਵਲੋਂ ਇਨ੍ਹਾਂ ਯੋਜਨਾਵਾਂ ਦਾ ਲਾਭ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ ਪਰ ਵਿਰੋਧੀ ਪਾਰਟੀਆਂ ਵਲੋਂ ਭਾਜਪਾ ਦੀਆਂ ਨੀਤੀਆਂ ਦੇ ਪ੍ਰਤੀ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਮੁੱਖ ਉਦੇਸ਼ ਦੇਸ਼ ਅਤੇ ਦੇਸ਼ ਵਾਸੀਆਂ ਦੀ ਸੇਵਾ ਕਰਨਾ ਹੈ ਅਤੇ ਇਹੀ ਕਾਰਨ ਹੈ ਕਿ ਅੱਜ ਦੇਸ਼ ਦੇ ਜ਼ਿਆਦਾਤਰ ਸੂਬਿਆਂ 'ਚ ਭਾਜਪਾ ਦੀਆਂ ਸਰਕਾਰਾਂ ਹਨ ਜੋ ਲੋਕਾਂ ਦੀ ਸੇਵਾ ਲਈ ਦਿਨ ਰਾਤ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਭਾਜਪਾ ਤੇਜ਼ੀ ਨਾਲ ਮਜ਼ਬੂਤ ਹੋ ਰਹੀ ਹੈ ਅਤੇ ਲੋਕ ਭਾਜਪਾ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੇ ਲੋਕ ਭਾਜਪਾ ਦੇ ਹੱਕ 'ਚ ਆਪਣਾ ਫੈਸਲਾ ਸੁਣਾਉਣਗੇ ਅਤੇ ਪੰਜਾਬ 'ਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਣਾਉਣਗੇ। ਉਨ੍ਹਾਂ ਕਿਹਾ ਕਿ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਪੰਜਾਬ ਨੂੰ ਮੁੜ ਤੋਂ ਤਰੱਕੀ ਦੇ ਰਾਹ 'ਤੇ ਲਿਆਂਦਾ ਜਾਵੇਗਾ।

ਚੋਰਾਂ ਨੇ 2 ਗੁਰਦੁਆਰਿਆਂ 'ਚ ਕੀਤੀ ਚੋਰੀ, ਚੜ੍ਹਾਵਾ ਲੈ ਕੇ ਹੋਏ ਫਰਾਰ

ਬਟਾਲਾ/ਅੱਚਲ ਸਾਹਿਬ 15 ਫਰਵਰੀ। ਨਜ਼ਦੀਕੀ ਪਿੰਡਾਂ ਮਸਾਣੀਆਂ ਅਤੇ ਬਹਾਦਰ ਹੁਸੈਨ ਖੁਰਦ ਵਿਖੇ ਸਥਿਤ ਗੁਰਦੁਆਰਾ ਸਾਹਿਬਾਨ ਨੂੰ ਨਿਸ਼ਾਨਾ ਬਣਾਉਂਦਿਆਂ ਚੋਰਾਂ ਵਲੋਂ ਗੋਲਕਾਂ ਤੋੜ ਕੇ ਹਜ਼ਾਰਾਂ ਰੁਪਏ ਚੜ੍ਹਾਵਾ ਚੋਰੀ ਕਰ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਚੌਕੀ ਵਡਾਲਾ ਗ੍ਰੰਥੀਆਂ ਦੇ ਇੰਚਾਰਜ ਏ.ਐੱਸ.ਆਈ. ਪਰਮਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਲਖਵਿੰਦਰ ਸਿੰਘ ਪੁੱਤਰ ਸਰਵਣ ਸਿੰਘ ਵਾਸੀ ਪਿੰਡ ਮਸਾਣੀਆਂ ਨੇ ਲਿਖਵਾਇਆ ਹੈ ਕਿ ਉਹ ਗੁਰਦੁਆਰਾ ਸਾਹਿਬ ਤਪ ਅਸਥਾਨ ਬਾਬਾ ਫੌਜਾ ਸਿੰਘ ਜੀ ਮਸਾਣੀਆਂ ਵਿਖੇ ਸੇਵਾ ਕਰਦਾ ਹੈ ਅਤੇ ਬੀਤੀ 7 ਜਨਵਰੀ ਦੀ ਰਾਤ ਉਹ ਗੁਰਦੁਆਰਾ ਸਾਹਿਬ ਨੂੰ ਤਾਲਾ ਲਗਾ ਕੇ ਘਰ ਚਲਾ ਗਿਆ ਸੀ ਤੇ ਗੁਰਦੁਆਰਾ ਸਾਹਿਬ ਵਿਖੇ ਆਇਆ ਤਾਂ ਦੇਖਿਆ ਕਿ ਗੁਰਦੁਆਰਾ ਸਾਹਿਬ ਦੀ ਉੱਪਰਲੀ ਮੰਜ਼ਿਲ ਦਾ ਬਾਹਰਲੇ ਦਰਵਾਜ਼ੇ ਦਾ ਤਾਲਾ ਟੁੱਟਾ ਪਿਆ ਸੀ ਤੇ ਗੁਰਦੁਆਰਾ ਸਾਹਿਬ ਅੰਦਰ ਪਈ ਗੋਲਕ ਵੀ ਟੁੱਟੀ ਪਈ ਸੀ, ਜਿਸ ਵਿਚੋਂ ਕਰੀਬ 29/30 ਹਜ਼ਾਰ ਰੁਪਏ ਚੜ੍ਹਾਵਾ ਚੋਰ ਚੋਰੀ ਕਰ ਕੇ ਲਿਜਾ ਚੁੱਕੇ ਸਨ। ਉਕਤ ਚੌਕੀ ਇੰਚਾਰਜ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਅਣਪਛਾਤੇ ਚੋਰਾਂ ਖਿਲਾਫ ਥਾਣਾ ਸੇਖਵਾਂ ਵਿਖੇ ਕੇਸ ਦਰਜ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਥਾਣਾ ਰੰਗੜ ਨੰਗਲ ਦੇ ਏ.ਐੱਸ.ਆਈ. ਹਰਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਸਤਿੰਦਰਜੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਬਹਾਦਰ ਹੁਸੈਨ ਖੁਰਦ ਨੇ ਲਿਖਵਾਇਆ ਹੈ ਕਿ ਉਹ ਆਪਣੇ ਪਿੰਡ ਦੇ ਦਸਮੇਸ਼ ਸਿੰਘ ਸਭਾ ਗੁਰਦੁਆਰਾ ਸਾਹਿਬ ਦੀ ਕਮੇਟੀ ਦਾ ਪ੍ਰਧਾਨ ਹੈ ਅਤੇ ਬੀਤੀ 7 ਜਨਵਰੀ ਨੂੰ ਸ਼ਾਮ 7 ਵਜੇ ਦੇ ਕਰੀਬ ਸਾਰੀਆਂ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਰਹਿਰਾਸ ਜੀ ਦੇ ਪਾਠ ਦੀ ਸਮਾਪਤੀ ਉਪਰੰਤ ਮੇਨ ਗੇਟ ਬੰਦ ਕਰ ਕੇ ਆਪਣੇ ਘਰਾਂ ਨੂੰ ਚਲੀਆਂ ਗਈਆਂ ਸਨ। ਬਿਆਨਕਰਤਾ ਮੁਤਾਬਕ ਅਗਲੇ ਦਿਨ 8 ਜਨਵਰੀ ਨੂੰ ਸਵੇਰੇ ਸਾਢੇ 4 ਵਜੇ ਹਰਦੀਪ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਬਹਾਦਰ ਹੁਸੈਨ ਖੁਰਦ ਜੋ ਕਿ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਆ ਕੇ ਸੇਵਾ ਕਰਦਾ ਹੈ, ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦਾ ਮੇਨ ਦਰਵਾਜ਼ਾ ਖੁੱਲ੍ਹਾ ਪਿਆ ਹੈ ਤੇ ਜਦੋਂ ਅੰਦਰ ਜਾ ਕੇ ਦੇਖਿਆ ਤਾਂ ਕੋਈ ਅਣਪਛਾਤਾ ਵਿਅਕਤੀ ਗੋਲਕ ਦਾ ਤਾਲਾ ਤੋੜ ਕੇ 25/30 ਹਜ਼ਾਰ ਰੁਪਏ ਚੋਰੀ ਕਰਕੇ ਲੈ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਥਾਣਾ ਰੰਗੜ ਨੰਗਲ ਵਿਖੇ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ ਕਰ ਦਿੱਤਾ ਗਿਆ ਹੈ।

ਪੁਲਸ ਨੇ ਨਸ਼ੀਲੇ ਪਦਾਰਥਾਂ ਦੀ ਖੇਪ ਸਮੇਤ ਔਰਤ ਕੀਤੀ ਕਾਬੂ; ਮਾਸਟਰਮਾਈਂਡ ਪਤੀ ਹੋਇਆ ਰੂਪੋਸ਼

ਨੈਸ਼ਨਲ ਡੈਸਕ 15 ਫਰਵਰੀ। ਹਿਮਾਚਲ ਦੇ ਮੰਡੀ ਜ਼ਿਲ੍ਹੇ ਵਿੱਚ ਚੱਲ ਰਹੀ ਨਸ਼ਾ ਵਿਰੋਧੀ ਮੁਹਿਮ ਵਿੱਚ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਰੇਵਾਲਸਰ ਪੁਲਸ ਨੇ ਬਲਹ ਥਾਣਾ ਖੇਤਰ ਅਧੀਨ ਆਉਂਦੇ ਦਰਵਿਆਸ ਪਿੰਡ ਵਿੱਚ ਇੱਕ ਘਰ 'ਤੇ ਛਾਪਾ ਮਾਰਿਆ ਤੇ ਜੋਗਿੰਦਰ ਸਿੰਘ ਦੀ ਪਤਨੀ ਕ੍ਰਿਸ਼ਨਾ ਦੇਵੀ (47) ਨੂੰ 422 ਗ੍ਰਾਮ ਹਸ਼ੀਸ਼ ਸਮੇਤ ਗ੍ਰਿਫ਼ਤਾਰ ਕੀਤਾ। ਨਸ਼ੀਲੇ ਪਦਾਰਥਾਂ ਦੀ ਖੇਪ ਦਾ ਦੂਜਾ ਮਾਸਟਰਮਾਈਂਡ ਔਰਤ ਦਾ ਪਤੀ ਦੱਸਿਆ ਜਾ ਰਿਹਾ ਹੈ। ਪੁਲਸ ਦੀ ਇਸ ਅਚਾਨਕ ਕਾਰਵਾਈ ਬਾਰੇ ਪਤਾ ਲੱਗਣ 'ਤੇ, ਉਹ ਗ੍ਰਿਫ਼ਤਾਰੀ ਤੋਂ ਬਚਣ ਲਈ ਰੂਪੋਸ਼ ਹੋ ਗਿਆ ਅਤੇ ਪੁਲਸ ਹੁਣ ਉਸਦੀ ਭਾਲ ਕਰ ਰਹੀ ਹੈ। ਜਾਣਕਾਰੀ ਅਨੁਸਾਰ ਪੁਲਸ ਨੂੰ ਇੱਕ ਸੂਚਨਾ ਮਿਲੀ ਸੀ ਕਿ ਜੋਗਿੰਦਰ ਸਿੰਘ ਅਤੇ ਉਸਦੀ ਪਤਨੀ ਜ਼ਿਲ੍ਹਾ ਮੰਡੀ ਦੇ ਤਹਿਸੀਲ ਬਲਹ ਦੇ ਦਰਵਿਆਸ ਪਿੰਡ ਵਿੱਚ ਆਪਣੇ ਘਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰ ਰਹੇ ਹਨ, ਜਿਸ ਨਾਲ ਇਲਾਕੇ ਦੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚ ਧੱਕ ਰਹੇ ਹਨ। ਸੂਚਨਾ ਮਿਲਣ 'ਤੇ, ਰੇਵਾਲਸਰ ਪੁਲਸ ਚੌਕੀ ਦੇ ਇੰਚਾਰਜ ਐਸਆਈ ਮੁਨਸ਼ੀ ਰਾਮ ਨੇ ਹੋਰ ਪੁਲਸ ਮੁਲਾਜ਼ਮਾਂ ਨਾਲ ਮਿਲ ਕੇ ਤੁਰੰਤ ਕਾਰਵਾਈ ਕੀਤੀ, ਦੋਸ਼ੀ ਦੇ ਘਰ ਛਾਪਾ ਮਾਰਿਆ ਅਤੇ ਔਰਤ ਦੇ ਕਬਜ਼ੇ ਵਿੱਚੋਂ ਵੱਡੀ ਮਾਤਰਾ ਵਿੱਚ ਹਸ਼ੀਸ਼ ਜ਼ਬਤ ਕੀਤੀ।

ਯੂਨੀਵਰਸਿਟੀ ਵੱਲੋਂ ਰੈਗੂਲਰ ਤੇ ਪ੍ਰਾਈਵੇਟ ਵਿਦਿਆਰਥੀਆਂ ਲਈ ਦਾਖਲਾ ਭਰਨ ਦਾ ਸ਼ਡਿਊਲ ਜਾਰੀ

ਕੌਮੀ ਪਤ੍ਰਿਕਾ

ਅੰਮ੍ਰਿਤਸਰ 15 ਫਰਵਰੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਸ਼ਨ ਮਈ 2026 ਅੰਡਰ ਗਰੈਜੁਏਟ ਪ੍ਰੀਖਿਆਵਾਂ ਸਮੈਸਟਰ ਦੂਜਾ, ਚੌਥਾ, ਛੇਵਾਂ, ਅੱਠਵਾਂ, ਦਸਵਾਂ ਅਤੇ ਪੋਸਟ ਗਰੈਜੂਏਟ ਸਮੈਸਟਰ ਦੂਜਾ ਤੇ ਚੌਥਾ ਦੇ ਪੂਰੇ ਵਿਸ਼ੇ / ਰੀਅਪੀਅਰ/ਵਿਸ਼ੇਸ਼ ਮੌਕਾ/ਇੰਪਰੂਵਮੈਂਟ/ਐਡੀਸ਼ਨਲ ਦੇ ਦਾਖਲਾ/ਪ੍ਰੀਖਿਆ ਫਾਰਮ ਆਨਲਾਈਨ ਪ੍ਰਣਾਲੀ ਰਾਹੀਂ ਭਰੇ ਜਾਣਗੇ। ਰੈਗੂਲਰ ਪ੍ਰੀਖਿਆਰਥੀਆਂ ਦੀ ਕਾਲਜਾਂ ਵੱਲੋਂ ਪੋਰਟਲ ਦੇ ਰਾਹੀਂ ਪ੍ਰੋਮੋਸ਼ਨ/ਸਬਜੈਕਟ ਰਜਿਸਟਰੇਸ਼ਨ ਕੀਤੀ ਜਾਣੀ ਹੈ ਅਤੇ ਸਾਲਾਨਾ ਪ੍ਰੀਖਿਆ ਵਾਸਤੇ ਦਾਖਲਾ/ਪ੍ਰੀਖਿਆ ਫਾਰਮ ਮੈਨੂਅਲ ਤੌਰ ਤੇ ਯੂਨੀਵਰਸਿਟੀ ਕੈਸ਼ ਕਾਊਂਟਰ ਤੇ ਹੇਠ ਲਿਖੀਆਂ ਮਿਤੀਆਂ ਅਨੁਸਾਰ ਲਏ ਜਾਣਗੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ
GURU N